State Council of Educational Research & Training, Punjab

# ਰਾਜ ਵਿਦਿਅਕ ਖੋਜ ਅਤੇ ਸਿਖਲਾਈ ਸੰਸਥਾ

# ਸ.ਅ.ਸ. ਨਗਰ

# ਦੁਆਰਾ

# ਤਿਆਰ CEP ਮਟੀਰੀਅਲ

# ਜਮਾਤ: 10+1

# ਵਿਸ਼ਾ: ਅਰਥਸ਼ਾਸਤਰ

State Council of Educational Research & Training, Punjab

## ਪਾਠ 1. ਸੁਤੰਤਰਤਾ ਦੇ ਸਮੇਂ ਭਾਰਤੀ ਅਰਥਵਿਵਸਥਾ ਦੀ ਸਥਿਤੀ

**1. ਸਹੀ ਵਿਕਲਪ ਚੁਣੋ;** **1 ਅੰਕ ਵਾਲੇ ਪ੍ਰਸ਼ਨ**

**ਪ੍ਰ.1;- ਸੁਤੰਤਰਤਾ ਦੇ ਸਮੇਂ ਭਾਰਤੀ ਅਰਥਵਿਵਸਥਾ ਕਿਹੋ ਜਿਹੀ ਸੀ?**
**(ੳ) ਅਲਪਵਿਕਸਤ (ਅ) ਅਰਧ-ਸਾਮੰਤੀ (ੲ) ਗਤੀਹੀਣ (ਸ) ਉਪਰੋਕਤ ਸਾਰੇ।**
ਉੱਤਰ:- (ਸ) ਉਪਰੋਕਤ ਸਾਰੇ।

**ਪ੍ਰ.2;- 1947-48 ਵਿੱਚ ਭਾਰਤ ਦੀ ਪ੍ਰਤੀ ਵਿਅਕਤੀ ਆਮਦਨ ਕਿੰਨੀ ਸੀ?**
**(ੳ) ਰੁ: 210 (ਅ) ਰੁ:250 (ੲ) ਰੁ:230 (ਸ) ਰੁ:270**
ਉੱਤਰ:- (ੲ) ਰੁ:230

**ਪ੍ਰ.3;- 1948 ਵਿੱਚ ਭਾਰਤ ਦੀ ਜਨਸੰਖਿਆ ਦਾ ਕਿੰਨੇ ਪ੍ਰਤੀਸ਼ਤ ਹਿੱਸਾ ਖੇਤੀਬਾੜੀ ਦੇ ਕੰਮ ਵਿੱਚ ਲੱਗਿਆ ਹੋਇਆ ਸੀ?**
**(ੳ) 60% (ਅ) 65% (ੲ) 70% (ਸ) 75%**
ਉੱਤਰ:- (ੲ) 70%

**ਪ੍ਰ.4;- ਸੁਤੰਤਰਤਾ ਦੇ ਸਮੇਂ ਰਾਸ਼ਟਰੀ ਆਮਦਨ ਦਾ ਕਿੰਨੇ ਪ੍ਰਤੀਸ਼ਤ ਹਿੱਸਾ ਖੇਤੀਬਾੜੀ ਤੋਂ ਪ੍ਰਾਪਤ ਹੁੰਦਾ ਸੀ?**
**(ੳ) 50% (ਅ) 55% (ੲ) 60% (ਸ) 65%**
ਉੱਤਰ:- (ੳ) 50%

**ਪ੍ਰ.5;- ਸੁਤੰਤਰਤਾ ਦੇ ਸਮੇਂ ਪੂੰਜੀ ਨਿਰਮਾਣ ਦੀ ਦਰ ਸੀ।(ਬਹੁਤ ਜਿਆਦਾ/ ਬਹੁਤ ਘੱਟ)**
ਉੱਤਰ:- **ਬਹੁਤ ਘੱਟ।**

**2. ਖਾਲੀ ਥਾਵਾਂ ਭਰੋ;**

**ਪ੍ਰ.1;- ਸੁਤੰਤਰਤਾ ਦੇ ਸਮੇਂ ਭਾਰਤ ਤੋਂ ............... ਜਿਆਦਾ ਨਿਰਯਾਤ ਹੁੰਦਾ ਸੀ ?**
ਉੱਤਰ:- ਖੇਤੀ ਪਦਾਰਥਾਂ ਦਾ।

**ਪ੍ਰ.2;- 1947-48 ਦੇ ਸਮੇਂ ਦੇਸ਼ ਦਾ ਵਪਾਰ ਬਾਕੀ ਭਾਰਤ ਦੇ ........... ਸੀ।**
ਉੱਤਰ:- ਅਨੁਕੂਲ

**ਪ੍ਰ.3;- 1948 ਵਿੱਚ ਦੇਸ਼ ਦੀ ਸਿਰਫ ........ ਜਨਸੰਖਿਆ ਸ਼ਹਿਰਾਂ ਵਿੱਚ ਰਹਿੰਦੀ ਸੀ।**
ਉੱਤਰ:- 14%

**ਪ੍ਰ.4;-ਸੁਤੰਤਰਤਾ ਦੇ ਸਮੇਂ ਜਨਮ ਦਰ ਅਤੇ ਮੌਤ ਦਰ ਦੋਵੇਂ ........ ਸਨ।**
ਉੱਤਰ:- ਉੱਚੀਆਂ।

**ਪ੍ਰ.5;- ਸੁਤੰਤਰਤਾ ਦੇ ਸਮੇਂ ਜਨਮ ਦਰ ਕਿੰਨੀ ਸੀ ?**
ਉੱਤਰ:- 40 ਪ੍ਰਤੀ ਹਜ਼ਾਰ।

**ਪ੍ਰ.6;- ਸੁਤੰਤਰਤਾ ਦੇ ਸਮੇਂ ਮੌਤ ਦਰ ਕਿੰਨੀ ਸੀ ?**
ਉੱਤਰ:-27 ਪ੍ਰਤੀ ਹਜ਼ਾਰ ।

**ਪ੍ਰ.7;- ਸੁਤੰਤਰਤਾ ਦੇ ਸਮੇਂ ਭਾਰਤੀ ਵਸੋਂ ਦੀ ਔਸਤ ਉਮਰ ਕਿੰਨੀ ਸੀ ?**

ਉੱਤਰ:- **31 ਸਾਲ**

**ਪ੍ਰ.8;- ਸੁਤੰਤਰਤਾ ਦੇ ਸਮੇਂ ਕਿੰਨੇ ਪ੍ਰਤੀਸ਼ਤ ਸ਼ਹਿਰਾਂ ਵਿੱਚ ਰਹਿੰਦੀ ਸੀ?**

ਉੱਤਰ:- **17%**

**ਪ੍ਰ.9;- ਸੁਤੰਤਰਤਾ ਦੇ ਸਮੇਂ ਕਿੰਨੇ ਪ੍ਰਤੀਸ਼ਤ ਪਿੰਡਾਂ ਵਿੱਚ ਰਹਿੰਦੀ ਸੀ?**

ਉੱਤਰ:- **83%**

**ਪ੍ਰ.10;- ਸੁਤੰਤਰਤਾ ਦੇ ਸਮੇਂ ਸ਼ਿਸ਼ੂ ਮੌਤ ਦਰ ਕਿੰਨੀ ਸੀ ?**

ਉੱਤਰ:- 218 ਪ੍ਰਤੀ ਹਜ਼ਾਰ

**3. ਸਹੀ/ਗਲਤ ਦੱਸੋ;**

**ਪ੍ਰ.1;- ਸੁਤੰਤਰਤਾ ਦੇ ਸਮੇਂ ਭਾਰਤ ਵਿੱਚ ਸਿਰਫ ਭਾਰੀ ਤੇ ਮੁੱਢਲੇ ਉਦਯੋਗ ਹੀ ਵਿਕਸਤ ਅਵਸਥਾ ਵਿੱਚ ਸਨ**

ਉੱਤਰ:- ਗਲਤ।

**ਪ੍ਰ.2;- ਸੁਤੰਤਰਤਾ ਤੋਂ ਪਹਿਲਾਂ ਜਨਸੰਖਿਆ ਦੀ ਵਾਧਾ ਦਰ ਵਰਤਮਾਨ ਵਾਧਾ ਦਰ ਤੋਂ ਬਹੁਤ ਘੱਟ ਸੀ।**

ਉੱਤਰ:-ਸਹੀ।

**ਪ੍ਰ.3;- 1948 ਵਿੱਚ ਭਾਰਤ ਵਿੱਚ ਪੜ੍ਹੇ-ਲਿਖੇ ਲੋਕ ਸਿਰਫ 18% ਸਨ।**

ਉੱਤਰ:-ਸਹੀ।

**ਪ੍ਰ.4;- ਸੁਤੰਤਰਤਾ ਤੋਂ ਪਹਿਲਾਂ ਭਾਰਤ ਦਾ ਵਪਾਰ ਬਾਕੀ ਬੱਚਤ ਵਾਲਾ ਸੀ**

ਉੱਤਰ:-ਸਹੀ ।

**4. ਬਹੁਤ ਛੋਟੇ ਉਤਰਾਂ ਵੱਲੇ ਪ੍ਰਸ਼ਨ; 2 ਅੰਕਾਂ ਵਾਲੇ ਪ੍ਰਸ਼ਨ**

**ਪ੍ਰ.1;- ਅਲਪਵਿਕਸਿਤ ਅਰਥਵਿਵਸਥਾ ਤੋਂ ਤੁਸੀਂ ਕੀ ਸਮਝਦੇ ਹੋ?**

ਉੱਤਰ:-ਅਲਪ ਵਿਕਸਿਤ ਅਰਥਵਿਵਸਥਾ ਉਹ ਅਰਥਵਿਵਸਥਾ ਹੁੰਦੀ ਹੈ ਜਿਸ ਵਿੱਚ ਜੀਵਨ ਪੱਧਰ ਬਹੁਤ ਨੀਵਾਂ , ਗਰੀਬੀ ਅਤੇ ਪ੍ਰਤੀ ਵਿਅਕਤੀ ਆਮਦਨ ਬਹੁਤ ਘੱਟ ਹੁੰਦੀ ਹੈ।

**ਪ੍ਰ.2;-1948 ਵਿੱਚ ਦੇਸ਼ ਵਿੱਚ ਕਿੰਨੇ ਪ੍ਰਤੀਸ਼ਤ ਜਨਸੰਖਿਆ ਅਨਪੜ੍ਹ ਸੀ?**

ਉੱਤਰ:- 1948 ਵਿੱਚ ਦੇਸ਼ ਵਿੱਚ 82% ਜਨਸੰਖਿਆ ਅਨਪੜ੍ਹ ਸੀ।

**ਪ੍ਰ:3:- ਬ੍ਰਿਟਿਸ਼ ਸ਼ਾਸਨ ਕਾਲ ਵਿੱਚ ਪ੍ਰਤੀ ਵਿਅਕਤੀ ਆਮਦਨ ਦੀ ਔਸਤ ਸਲਾਨਾ ਵਾਧਾ ਦਰ ਕਿੰਨੀ ਸੀ?**

ਉੱਤਰ:- ਬ੍ਰਿਟਿਸ਼ ਸ਼ਾਸਨ ਕਾਲ ਵਿੱਚ ਪ੍ਰਤੀ ਵਿਅਕਤੀ ਆਮਦਨ ਦੀ ਔਸਤ ਸਲਾਨਾ ਵਾਧਾ ਦਰ 0.5 ਪ੍ਰਤੀਸ਼ਤ ਦੇ ਲਗਭਗ ਸੀ।

**ਪ੍ਰ:4:-1947 ਵਿੱਚ ਭਾਰਤ ਦੀ ਵੰਡ ਦੇ ਸਮੇਂ ਕਿੰਨੇ ਪ੍ਰਤੀਸ਼ਤ ਵੱਡੇ ਉਦਯੋਗ ਭਾਰਤ ਦੇ ਹਿੱਸੇ ਆਏ ਅਤੇ ਕਿੰਨੇ ਪ੍ਰਤੀਸ਼ਤ ਵੱਡੇ ਉਦਯੋਗ ਪਾਕਿਸਤਾਨ ਦੇ ਹਿੱਸੇ ਆਏ ਸਨ?**

ਉੱਤਰ:- ਭਾਰਤ ਦੀ ਵੰਡ ਦੇ ਸਮੇਂ 91 ਪ੍ਰਤੀਸ਼ਤ ਵੱਡੇ ਉਦਯੋਗ ਭਾਰਤ ਦੇ ਹਿੱਸੇ ਆਏ ਸਨ ਅਤੇ 9 ਪ੍ਰਤੀਸ਼ਤ ਵੱਡੇ ਉਦਯੋਗ ਪਾਕਿਸਤਾਨ ਦੇ ਹਿੱਸੇ ਆਏ ਸਨ।

**ਪ੍ਰ:5:-ਮੁੱਢਲੇ ਖੇਤਰ ਤੋਂ ਤੁਸੀਂ ਕੀ ਸਮਝਦੇ ਹੋ?**

ਉੱਤਰ:- ਉਹ ਖੇਤਰ ਜਿਸ ਵਿੱਚ ਕੁਦਰਤੀ ਸਾਧਨਾਂ ਦਾ ਪ੍ਰਯੋਗ ਕਰਕੇ ਉਤਪਾਦਨ ਕੀਤਾ ਜਾਂਦਾ ਹੈ ,ਉਸ ਨੂੰ ਮੁੱਢਲਾ ਖੇਤਰ ਕਿਹਾ ਜਾਂਦਾ ਹੈ ,ਜਿਵੇਂ ; ਖੇਤੀਬਾੜੀ,ਪਸ਼ੂ ਪਾਲਣ , ਮੱਛੀ ਪਾਲਣ,ਖਣਿਜ ਖੁਦਾਈ ਆਦਿ।

**ਪ੍ਰ:6:-ਗੌਣ ਖੇਤਰ ਤੋਂ ਤੁਸੀਂ ਕੀ ਸਮਝਦੇ ਹੋ?**

ਉੱਤਰ:- ਉਹ ਖੇਤਰ ਜਿਸ ਵਿੱਚ ਮੁੱਢਲੇ ਖੇਤਰ ਦੀਆਂ ਉਤਪਾਦਤ ਕੀਤੀਆਂ ਵਸਤੂਆਂ ਅਤੇ ਹੋਰ ਵਸਤੂਆਂ ਨੂੰ ਕੱਚੇ ਮਾਲ ਦੇ ਤੌਰ ਤੇ ਵਰਤ ਕੇ ਉਤਪਾਦਨ ਕੀਤਾ ਜਾਂਦਾ ਹੈ ,ਉਸ ਨੂੰ ਗੌਣ ਖੇਤਰ ਕਿਹਾ ਜਾਂਦਾ ਹੈ ,ਜਿਵੇਂ ; ਕਪਾਹ ਤੋਂ ਕੱਪੜਾ ਤਿਆਰ ਕਰਨਾ ,ਗੰਨੇ ਤੋਂ ਖੰਡ ਤਿਆਰ ਕਰਨਾ ਆਦਿ

**ਪ੍ਰ:7:- ਟਰਸ਼ਰੀ ਖੇਤਰ ਤੋਂ ਤੁਸੀਂ ਕੀ ਸਮਝਦੇ ਹੋ?**

ਉੱਤਰ:- ਇਹ ਖੇਤਰ ਸੇਵਾਵਾਂ ਦਾ ਉਤਪਾਦਨ ਕਰਦਾ ਹੈ।ਇਸ ਨੂੰ ਸੇਵਾ ਖੇਤਰ ਵੀ ਕਿਹਾ ਜਾਂਦਾ ਹੈ ।ਜਿਵੇਂ;ਬੈਕਿੰਗ, ਸੰਚਾਰ,ਵਪਾਰ ਆਦਿ।

**ਪ੍ਰ:8:- ਗਤੀਹੀਨ ਅਰਥਵਿਵਸਥਾ ਤੋਂ ਕੀ ਭਾਵ ਹੈ?**

ਉੱਤਰ:-ਗਤੀਹੀਨ ਅਰਥਵਿਵਸਥਾ ਉਹ ਹੁੰਦੀ ਹੈ ਜਿਸ ਵਿੱਚ ਰਾਸ਼ਟਰੀ ਆਮਦਨ ਦੀ ਵਾਧਾ ਦਰ ਬਹੁਤ ਹੀ ਘੱਟ ਹੁੰਦੀ ਹੈ।ਬ੍ਰਿਟਿਸ਼ ਸ਼ਾਸਨ ਕਾਲ ਵਿੱਚ ਪ੍ਰਤੀ ਵਿਅਕਤੀ ਆਮਦਨ ਦੀ ਔਸਤ ਸਲਾਨਾ ਵਾਧਾ ਦਰ 0.5 ਪ੍ਰਤੀਸ਼ਤ ਦੇ ਲਗਭਗ ਸੀ।

**5. ਛੋਟੇ ਉਤਰਾਂ ਵੱਲੇ ਪ੍ਰਸ਼ਨ; 4 ਅੰਕਾਂ ਵਾਲੇ ਪ੍ਰਸ਼ਨ**

**ਪ੍ਰ.1;-ਗਤੀਹੀਨ ਅਰਥਵਿਵਸਥਾ ਅਤੇ ਘਿਸੀ ਹੋਈ ਅਰਥਵਿਵਸਥਾ ਵਿੱਚ ਅੰਤਰ ਦੱਸੋ।**

**ਪ੍ਰ.2;– ਸੁਤੰਤਰਤਾ ਦੇ ਸਮੇਂ ਭਾਰਤੀ ਅਰਥਵਿਵਸਥਾ ਦੀਆਂ ਚਾਰ ਵਿਸ਼ੇਸ਼ਤਾਵਾਂ ਦੱਸੋ।**
**ਪ੍ਰ.3;–ਭਾਰਤ ਦੀ ਅਰਥਵਿਵਸਥਾ ਤੇ ਦੇਸ਼ ਦੀ ਵੰਡ ਦਾ ਕੀ ਪ੍ਰਭਾਵ ਪਿਆ?**
**ਪ੍ਰ.4;–ਸੁਤੰਤਰਤਾ ਦੇ ਸਮੇਂ ਭਾਰਤੀ ਖੇਤੀ ਦੀ ਕੀ ਸਥਿਤੀ ਸੀ?**
**ਪ੍ਰ.5:– ਸੁਤੰਤਰਤਾ ਦੇ ਸਮੇਂ ਭਾਰਤੀ ਉਦਯੋਗਾਂ ਦੀ ਕੀ ਸਥਿਤੀ ਸੀ?**
**ਪ੍ਰ.6;– ਸੁਤੰਤਰਤਾ ਦੇ ਸਮੇਂ ਵਿਦੇਸ਼ੀ ਵਪਾਰ ਅਤੇ ਬਜ਼ਾਰ ਦੀ ਕੀ ਸਥਿਤੀ ਸੀ?**

**6. ਵੱਡੇ ਉਤਰਾਂ ਵੱਲੇ ਪ੍ਰਸ਼ਨ; 6 ਅੰਕਾਂ ਵਾਲੇ ਪ੍ਰਸ਼ਨ**
**ਪ੍ਰ.1;– ਸੁਤੰਤਰਤਾ ਦੇ ਸਮੇਂ ਭਾਰਤੀ ਅਰਥਵਿਵਸਥਾ ਦੀਆਂ ਮੁੱਖ ਵਿਸ਼ੇਸ਼ਤਾਵਾਂ ਦਾ ਵਰਣਨ ਕਰੋ।**
**ਪ੍ਰ.2;– ਸੁਤੰਤਰਤਾ ਦੇ ਸਮੇਂ ਭਾਰਤ ਵਿੱਚ ਖੇਤੀ ਅਤੇ ਉਦਯੋਗਾਂ ਸਥਿਤੀ ਦਾ ਵਰਣਨ ਕਰੋ।**

## Question Bank

## Class : 10+2

## Subject : Economics (ਪੰਜ ਸਾਲਾਂ ਅਤੇ ਨੀਤੀ ਆਯੋਗ)

## Marks-1

**(ਕੰਵਲਜੀਤ ਕੌਰ ਲੈਕਚਰਾਰ ਅਰਥਸ਼ਾਸਤਰ ਸਸਸਸ ਪੁਤਲੀਘਰ ਸ੍ਰੀ ਅੰਮ੍ਰਿਤਸਰ ਸਾਹਿਬ)**

## Marks-1

1) ਭਾਰਤ ਵਿੱਚ ਪਹਿਲੀ ਪੰਜ ਸਾਲਾਂ ਯੋਜਨਾ ਦਾ ਸਮਾਂ ਕਾਲ ਕਿਹੜਾ ਸੀ?
2) ਜਨ ਯੋਜਨਾ ਦਾ ਨਿਰਮਾਣ ਕਿਸਨੇ ਕੀਤਾ ਸੀ?
3) ਸ਼੍ਰੀ ਐਮ ਵਿਸ਼ਵੇਸ਼ਵਰੱਯਾ ਨੇ ਕਦੋਂ ਅਤੇ ਕਿਸ ਪੁਸਤਕ ਵਿੱਚ ਭਾਰਤ ਵਿੱਚ ਆਰਥਿਕ ਨਿਯੋਜਨ ਬਾਰੇ ਵਿਚਾਰ ਦਿੱਤਾ ਸੀ?
4) ਭਾਰਤ ਦੇ ਯੋਜਨਾ ਅਯੋਗ ਦਾ ਮੁੱਖੀ ____________ ਹੁੰਦਾ ਸੀ?
5) ਭਾਰਤ ਵਿੱਚ ਆਖਰੀ ਪੰਜ ਸਾਲਾਂ ਯੋਜਨਾ ਕਿਹੜੀ ਪੰਜ ਸਾਲਾਂ ਯੋਜਨਾ ਸੀ?
6) NITI ਦਾ ਕੀ ਅਰਥ ਹੈ?
7) ਨੀਤੀ ਅਯੋਗ ਦਾ ਮੁੱਖ ਦਫ਼ਤਰ ਨਵੀਂ ਦਿੱਲੀ ਵਿੱਚ ਹੈ (ਠੀਕ/ਗਲਤ)
8) ਨੀਤੀ ਅਯੋਗ ਦਾ ਸਥਾਪਨਾ __________ ਵਿੱਚ ਹੋਈ।
9) ਨੀਤੀ ਅਯੋਗ ਦਾ ਪਹਿਲਾ ਚੇਅਰਮੈਨ ਕੌਣ ਸੀ?
10) ਵਰਤਮਾਨ ਵਿੱਚ ਭਾਰਤ ਵਿੱਚ ਯੋਜਨਾ ਅਯੋਗ ਦੀ ਥਾਂ ਕਿਹੜੀ ਸੰਸਥਾ ਨੇ ਲੈ ਲਈ ਹੈ?

## Answer:-

a) 1951-56

b) ਐਮ.ਐਨ.ਰਾਏ.

c) 1934 ਵਿੱਚ ਪੁਸਤਕ ਭਾਰਤ ਵਿੱਚ ਯੋਜਨਾਬਧ ਅਰਥ ਵਿਵਸਥਾ

d) ਦੇਸ਼ ਦਾ ਪ੍ਰਧਾਨ ਮੰਤਰੀ

e) ਬਾਰਵ੍ਹੀ

f) ਨੈਸ਼ਨਲ ਇੰਸਟੀਚਿਊਟ ਫਾਰ ਟਰਾਂਸਫਾਰਮਿੰਗ ਇੰਡੀਆ

g) ਨਵੀਂ ਦਿੱਲੀ

h) 1 ਜਨਵਰੀ 2015

i) ਸ਼੍ਰੀ ਨਰਿੰਦਰ ਮੋਦੀ

j) ਨੀਤੀ ਅਯੋਗ

**Marks-2**
**Class-12TH**

ਪ੍ਰ1. ਯੋਜਨਾਂ ਆਯੋਗ ਦੀ ਸਥਾਪਨਾਂ ਕਿਸ ਮਕਸਦ ਲਈ ਕੀਤੀ ਗਈ ਸੀ?

ਉ. ਭਾਰਤ ਦੀ ਸੁਤੰਤਰਤਾ ਤੋਂ ਬਾਅਦ ਆਰਥਿਕ ਵਿਕਾਸ ਦੀ ਗਤੀ ਲਿਆਉਣ ਅਤੇ ਮੌਜੂਦਾ ਭੋਤਿਕ ਅਤੇ ਮਨੁੱਖੀ ਸੰਸਾਧਨਾਂ ਦੀ ਸਹੀਂ ਵਰਤੋਂ ਕਰਨ ਲਈ ਸਾਲ 1950 ਵਿਚ ਯੋਜਨਾ ਆਯੋਗ ਦੀ ਸਥਾਪਨਾ ਕੀਤੀ ਗਈ ਸੀ।

ਪ੍ਰ.2 ਪਹਿਲੀ ਪੰਜ ਸਾਲਾਂ ਯੋਜਨਾਂ ਦਾ ਕਾਰਜਕਾਲ ਕੀ ਸੀ?

ਉ. ਪਹਿਲੀ ਪੰਜ ਸਾਲਾਂ ਯੋਜਨਾਂ ਦਾ ਕਾਰਜਕਾਲ 1951 ਤੋਂ ਲੈ ਕੇ 1956 ਸੀ।

ਪ੍ਰ.3 ਪਹਿਲੀ ਪੰਜ ਸਾਲਾਂ ਯੋਜਨਾਂ ਦੇ ਕੋਈ ਦੋ ਉਦੇਸ਼ ਲਿਖੋ।

ਉ. 1. ਵਿਸ਼ਵ ਯੁੱਧ ਅਤੇ ਦੇਸ਼ ਦੀ ਵੰਡ ਦੇ ਕਾਰਨ ਵਿਗੜੀ ਹੋਈ ਅਰਥਵਿਵਸਥਾ ਨੂੰ ਸੁਧਾਰਨਾ।
2. ਦੇਸ਼ ਦੀ ਅੰਨ ਸਬੰਧੀ ਸਮੱਸਿਆ ਨੂੰ ਹੱਲ ਕਰਨਾ।

ਪ੍ਰ.4 ਆਰਥਿਕ ਨਿਯੋਜਨ ਤੋਂ ਕੀ ਭਾਵ ਹੈ?

ਉ. ਆਰਥਿਕ ਨਿਯੋਜਨ ਅਜਿਹੀ ਵਿਧੀ ਹੈ ਕਿ ਜਿਸ ਵਿਚ ਦੇਸ਼ ਦੇ ਮੌਜੂਦਾ ਸਾਧਨਾਂ ਨੂੰ ਧਿਆਨ ਵਿਚ ਰੱਖਦੇ ਹੋਏ ਨਿਸ਼ਚਿਤ ਸਮੇ. ਦੇ ਅੰਦਰ-ਅੰਦਰ ਉਦੇਸ਼ਾਂ ਨੂੰ ਪ੍ਰਾਪਤੀ ਕਰਨ ਦੇ ਯਤਨ ਕੀਤੇ ਜਾਂਦੇ ਹਨ।

ਪ੍ਰ.5 ਭਾਰਤੀ ਪੰਜ ਸਾਲਾ ਯੋਜਨਾਵਾਂ ਦੇ ਦੋ ਪ੍ਰਮੁੱਖ ਉਦੇਸ਼ ਦਾ ਵਰਣਨ ਕਰੋ।

ਉ. 1. ਰਾਸ਼ਟਰੀ ਆਮਦਨ ਅਤੇ ਪ੍ਰਤੀ ਵਿਅਕਤੀ ਆਮਦਨ ਵਿਚ ਵਾਧਾ ਕਰਨਾ।
2. ਅਰਥ ਵਿਵਸਥਾ ਦਾ ਸੰਪੂਰਨ ਵਿਕਾਸ ਕਰਨਾ ।

ਪ੍ਰ.6 ਨੀਤੀ ਆਯੋਗ ਦੀ ਸਥਾਪਨਾ ਕਦੋਂ ਕੀਤੀ ਗਈ?

ਉ. ਨੀਤੀ ਆਯੋਗ ਦੀ ਸਥਾਪਨਾ 1 ਜਨਵਰੀ 2015 ਨੂੰ ਕੀਤ ਗਈ ਸੀ। ਨੀਤੀ ਆਯੋਗ (NITI) ਦਾ ਅਰਥ ਨੈਸ਼ਨਲ ਇੰਸਟੀਟਿਊਸ਼ਨ ਫਾਰ ਟ੍ਰਾਂਸਫਾਰਮਿੰਗ ਇੰਡੀਆ ਹੈ।

ਪ੍ਰ.7 ਨੀਤੀ ਆਯੋਗ ਦੀ ਸਥਾਪਨਾ ਕਿਸ ਆਯੋਗ ਨੂੰ ਬਦਲਣ ਲਈ ਕੀਤੀ ਗਈ ਸੀ?

ਉ. ਨੀਤੀ ਆਯੋਗ ਦੀ ਸਥਾਪਨਾ 2015 ਵਿਚ ਯੋਜਨਾ ਆਯੋਗ ਨੂੰ ਬਦਲਣ ਲਈ ਕੀਤੀ ਗਈ ਸੀ।

ਪ੍ਰ.8 ਨੀਤੀ ਆਯੋਗ ਦੀ ਸੰਰਚਨਾ ਬਾਰੇ ਦੱਸੋ?

ਉ. ਨੀਤੀ ਆਯੋਗ ਦੀ ਸੰਰਚਨਾ ਇਸ ਪ੍ਰਕਾਰ ਹੈ–

ਚੇਅਰਮੈਨ - ਭਾਰਤ ਦਾ ਪ੍ਰਧਾਨ ਮੰਤਰੀ

ਪ੍ਰਬੰਧਕ ਪ੍ਰੀਸ਼ਦ–ਸਾਰੇ ਰਾਜਾਂ ਦੇ ਮੁੱਖ ਮੰਤਰੀ ਅਤੇ ਕੇਂਦਰੀ ਸ਼ਾਸਿਤ ਪ੍ਰਦੇਸ਼ਾਂ ਦੇ ਉਪ ਰਾਜਪਾਲ

ਪ੍ਰ.9 ਨੀਤੀ ਆਯੋਗ ਦੇ ਮੌਜੂਦਾ ਉਪ–ਚੇਅਰਮੈਨ ਕੌਣ ਹਨ?

ਉ. ਨੀਤੀ ਆਯੋਗ ਦੇ ਮੌਜੂਦ ਉਪ–ਚੇਅਰਮੈਨ ਸ਼੍ਰੀ ਰਾਜੀਵ ਕੁਮਾਰ ਹਨ।

ਪ੍ਰ.10 ਨੀਤੀ ਆਯੋਗ ਦੇ ਪ੍ਰਮੁੱਖ ਉਦੇਸ਼ ਕੀ ਹਨ?

ਉ.
1. ਸਥਾਈ ਅਤੇ ਨਿਆਸੰਗਤ ਵਿਕਾਸ ਕਰਨਾ।
2. ਸਹਿਕਾਰੀ ਸੰਘਵਾਦ ਨੂੰ ਉਤਸਾਹਿਤ ਕਰਨਾ।
3. ਰਾਸ਼ਟਰੀ ਆਰਥਿਕ ਵਿਕਾਸ ਲਈ ਸਾਂਝਾ ਦ੍ਰਿਸ਼ਟੀਕੋਣ ਵਿਕਸਿਤ ਕਰਨਾ।

**Class : 10+2**

**Subject : Economics**

## 4 ਨੰਬਰ ਵਾਲੇ ਪ੍ਰਸ਼ਨ

1) ਭਾਰਤ ਵਿੱਚ ਇੱਕ ਆਰਥਿਕ ਯੋਜਨਾ ਤੇ ਵਿਸਤ੍ਰਿਤ ਨੋਟ ਲਿਖੋ?
2) ਭਾਰਤ ਵਿੱਚ ਪੰਜ ਸਾਲਾਂ ਯੋਜਨਾਵਾਂ ਦੀਆਂ ਕਿਸੇ ਚਾਰ ਪ੍ਰਾਪਤੀਆਂ ਦੀ ਸੰਖੇਪ ਵਿਆਖਿਆ ਕਰੋ?
3) ਨੀਤੀ ਅਯੋਜਨਾ ਬਾਰੇ ਤੁਸੀਂ ਕੀ ਜਾਣਦੇ ਹੋ?
4) ਨੀਤੀ ਅਯੋਗ ਦੇ ਉਦੇਸ਼ਾਂ ਦਾ ਵਰਣਨ ਕਰੋ?
5) ਭਾਰਤ ਵਿੱਚ ਪੰਜ ਸਾਲਾਂ ਯੋਜਨਾਵਾਂ ਦੇ ਅਲਪਕਾਲੀਨ ਉਦੇਸ਼ਾ ਅਤੇ ਦੀਰਘਕਾਲ ਉਦੇਸ਼ਾ ਦਾ ਅੰਤਰ ਸਪੱਸ਼ਟ ਕਰੋ?
6) ਭਾਰਤ ਵਿਚ ਆਤਮ-ਨਿਰਭਰਤਾ ਨੂੰ ਪ੍ਰਾਪਤ ਕਰਨ ਵਿਚ ਪੰਜ ਸਾਲਾਂ ਯੋਜਨਾਵਾਂ ਦੀ ਕੀ ਭੂਮਿਕਾ ਹੈ?

## 6 ਨੰਬਰ ਵਾਲੇ ਪ੍ਰਸ਼ਨ

1) ਆਰਥਿਕ ਨਿਯੋਜਨ ਕੀ ਹੈ? ਪੰਜ ਸਾਲਾਂ ਯੋਜਨਾਵਾਂ ਦੌਰਾਨ ਆਰਥਿਕ ਨਿਯੋਜਨ ਦੀਆਂ ਪ੍ਰਾਪਤੀਆਂ ਦੱਸੋ?
2) ਭਾਰਤ ਵਿੱਚ ਆਰਥਿਕ ਨਿਯੋਜਨ ਵਿੱਚ ਪੰਜ ਸਾਲਾਂ ਯੋਜਨਾਵਾਂ ਦੀਆਂ ਸਫਲਤਾਵਾਂ ਅਤੇ ਅਸਫਲਤਾਵਾਂ ਬਾਰੇ ਦੱਸੋ?
3) ਭਾਰਤ ਵਿੱਚ ਹੁਣ ਤੱਕ ਦੀਆਂ ਕਿਹੜੀਆ ਯੋਜਨਾਵਾਂ ਸਨ ਉਹਨਾਂ ਦਾ ਸਮਾਂ ਅਤੇ ਉਦੇਸ਼ ਬਾਰੇ ਚਾਨਣਾਂ ਪਾਉ?
4) ਨੀਤੀ ਅਯੋਗ ਬਾਰੇ ਤੁਸੀਂ ਕੀ ਜਾਣਦੇ ਹੋ? ਨੀਤੀ ਅਯੋਗ ਦੇ ਉਦੇਸ਼ ਕੀ ਹਨ?
5) ਨੀਤੀ ਅਯੋਗ ਦੇ ਅੰਤਰਗਤ ਨਿਯੋਜਨ ਪ੍ਰਤੀ ਨਵੇਂ ਦ੍ਰਿਸ਼ਟੀਕੋਣ ਅਤੇ ਨੀਤੀ ਅਯੋਗ ਦੀ ਕਾਰਜਵਿਧੀ ਨੂੰ ਸਪੱਸ਼ਟ ਕਰੋ?

**(ਬਲਦੇਵ ਸਿੰਘ ਲੈਕਚਰਾਰ**
**ਅਰਥਸ਼ਾਸਤਰ ਸ.ਸ.ਸ.ਸ.**
**ਹੁਸ਼ਿਆਰਪੁਰ,ਸ.ਅ.ਸ.ਨਗਰ)**

## ਪਾਠ 3. ਭਾਰਤੀ ਖੇਤੀਬਾੜੀ;ਵਿਸ਼ੇਸ਼ਤਾਵਾਂ,ਸਮੱਸਿਆਵਾਂ ਅਤੇ ਨੀਤੀਆਂ

**ਵਸਤੂ ਨਿਸ਼ਠ ਪ੍ਰਸ਼ਨ / ਸਹੀ ਵਿਕਲਪ ਚੁਣੋ;** **1 ਅੰਕ ਵਾਲੇ ਪ੍ਰਸ਼ਨ**

**ਪ੍ਰ.1;-ਭਾਰਤ ਦੀ ਜਨਸੰਖਿਆ ਦਾ ਕਿੰਨੇ ਪ੍ਰਤੀਸ਼ਤ ਹਿੱਸਾ ਖੇਤੀਬਾੜੀ ਵਿੱਚ ਲੱਗਿਆ ਹੋਇਆ ਹੈ?**
**(ੳ) 51% (ਅ) 55% (ੲ) 59% (ਸ) 62%**
ਉੱਤਰ:- (ੳ) 51%
**ਪ੍ਰ.2;- ਭਾਰਤ ਦੀ ਰਾਸ਼ਟਰੀ ਆਮਦਨ (GDP) ਵਿੱਚ ਵਰਤਮਾਨ ਸਮੇਂ ਖੇਤੀਬਾੜੀ ਦਾ ਕਿੰਨਾ ਯੋਗਦਾਨ ਹੈ?**
**(ੳ) 19% (ਅ) 18% ਤੋਂ ਘੱਟ (ੲ) 20% (ਸ) 20% ਤੋਂ ਵੱਧ**
ਉੱਤਰ:- (ਅ) 18% ਤੋਂ ਘੱਟ
**ਪ੍ਰ.3;- ਹੇਠ ਲਿਖਿਆਂ ਵਿੱਚੋਂ ਕਿਹੜਾ ਭਾਰਤ ਦੀ ਖੇਤੀਬਾੜੀ ਦੇ ਪਿਛੜੇਪਨ ਦਾ ਕਾਰਨ ਨਹੀਂ ਹੈ?**
**(ੳ) ਜੋਤਾਂ ਦਾ ਛੋਟਾ ਆਕਾਰ(ਅ)ਪੁਰਾਣੇ ਖੇਤੀ ਯੰਤਰ(ੲ) ਵਪਾਰਕ ਖੇਤੀ (ਸ) ਸਿੰਚਾਈ ਦੀ ਘੱਟ ਵਿਵਸਥਾ**
ਉੱਤਰ:- (ੲ) ਵਪਾਰਕ ਖੇਤੀ
**ਪ੍ਰ.4;- ਵਰਤਮਾਨ ਸਮੇਂ ਭਾਰਤ ਵਿੱਚ ਕਿੰਨੇ ਪ੍ਰਤੀਸ਼ਤ ਖੇਤੀ ਖੇਤਰ ਨੂੰ ਸਿੰਚਾਈ ਸਹੂਲਤਾਂ ਉਪਲਬਧ ਹਨ?**
**(ੳ) 30% (ਅ)40% (ੲ) 50% (ਸ) 60%**
ਉੱਤਰ:- (ਅ)40%
**ਪ੍ਰ.5;- ਭਾਰਤ ਵਿੱਚ ਮੁੱਖ ਖੇਤੀਬਾੜੀ ਉਤਪਾਦ ਕਿਹੜੇ ਹਨ ਜਿੰਨਾਂ ਦਾ ਨਿਰਯਾਤ ਕੀਤਾ ਜਾਂਦਾ ਹੈ?**
ਉੱਤਰ:- ਭਾਰਤ ਵਿੱਚ ਮੁੱਖ ਖੇਤੀਬਾੜੀ ਉਤਪਾਦ ,ਜਿੰਨਾਂ ਦਾ ਨਿਰਯਾਤ ਕੀਤਾ ਜਾਂਦਾ ਹੈ; ਚਾਹ,ਕੌਫੀ ,ਖੱਲਾਂ, ਤੰਬਾਕੂ, ਮਸਾਲੇ ਅਤੇ ਪਟਸਮ ਆਦਿ ਹਨ।
**ਪ੍ਰ.6;- ਭਾਰਤ ਦੀ ਖੇਤੀਬਾੜੀ ਦੇ ਪਿਛੜੇਪਨ ਲਈ ਜ਼ਿੰਮੇਵਾਰ ਮਾਨਵੀ ਤੱਤ ਕਿਹੜਾ ਹੈ?**
ਉੱਤਰ:- ਭਾਰਤ ਦੇ ਪਿਛੜੇਪਨ ਲਈ ਜ਼ਿੰਮੇਵਾਰ ਮਾਨਵੀਂ ਤੱਤ ਦੋ ਤਰਾਂ ਦੇ ਹਨ;(ੳ) ਭੂਮੀ ਤੇ ਜਨਸੰਖਿਆ ਦਾ ਦਬਾਅ (ਅ) ਸਮਾਜਿਕ ਵਾਤਾਵਰਨ
**ਪ੍ਰ.7;- ਭਾਰਤ ਦੀ ਖੇਤੀਬਾੜੀ ਦੇ ਪਿਛੜੇਪਨ ਲਈ ਜ਼ਿੰਮੇਵਾਰ ਸੰਸਥਾਗਤ ਤੱਤ ਕਿਹੜਾ ਹੈ?**
ਉੱਤਰ:- ਖੇਤਾਂ ਦਾ ਛੋਟਾ ਅਕਾਰ ਅਤੇ ਭੂ-ਮਾਲਕੀ ਪ੍ਰਣਾਲੀ।
**ਪ੍ਰ.8;- ਖੇਤੀ ਖੇਤਰ ਲਈ ਸੰਸਥਾਗਤ ਵਿੱਤ ਵਪਾਰਕ ਬੈਂਕਾਂ ਦਾ ਕਿੰਨਾ ਯੋਗਦਾਨ ਹੈ?**
ਉੱਤਰ:- ਲਗਭਗ 78%
**ਪ੍ਰ.9;- ਅੰਗਰੇਜ਼ੀ ਭਾਸ਼ਾ ਦਾ ਸ਼ਬਦ 'ਐਗਰੀਕਲਚਰ' ਕਿਸ ਭਾਸ਼ਾ ਤੋਂ ਲਿਆ ਗਿਆ ਹੈ?**
ਉੱਤਰ:- ਲੈਟਿਨ (ਲਤੀਨੀ) ਭਾਸ਼ਾ ਤੋਂ ।
**ਪ੍ਰ.10;- 'ਐਗਰੀਕਲਚਰ'(Agriculture) ਸ਼ਬਦ ਕਿਹੜੇ ਦੋ ਸ਼ਬਦਾਂ ਦੇ ਸੁਮੇਲ ਤੋਂ ਬਣਿਆਂ ਹੈ?**
ਉੱਤਰ:-ਇਹ ਦੋ ਸ਼ਬਦਾਂ (Agri) ਖੇਤ +(culture) ਖੇਤੀ ਦੇ ਸੁਮੇਲ ਤੋਂ ਬਣਿਆਂ ਹੈ।
**ਪ੍ਰ.11;- ਸਾਲ 1901 ਵਿੱਚ ਭਾਰਤ ਵਿੱਚ ਕਿੰਨੀ ਜਨਸੰਖਿਆ ਖੇਤੀ ਤੇ ਨਿਰਭਰ ਸੀ?**
ਉੱਤਰ:- 16 ਕਰੋੜ 30 ਲੱਖ ਲੋਕ ਖੇਤੀ ਤੇ ਨਿਰਭਰ ਸਨ।

**2. ਖਾਲੀ ਥਾਵਾਂ ਭਰੋ;**

**ਪ੍ਰ.1;- ਭਾਰਤ ਵਿੱਚ ਰਾਸ਼ਟਰੀ ਖੇਤੀ ਬੀਮਾ ਯੋਜਨਾ ............ ਵਿੱਚ ਸ਼ੁਰੂ ਹੋਈ।(1989/1999)**
ਉੱਤਰ:- 1999 ਵਿੱਚ।
**ਪ੍ਰ.2;-ਨਵੀਂ ਰਾਸ਼ਟਰੀ ਖੇਤੀਬਾੜੀ ਨੀਤੀ 2000 ਦਾ ਟੀਚਾ 2005 ਤੱਕ ਖੇਤੀ ਵਾਧਾ ਦਰ ਨੂੰ .....ਕਰਨਾ ਸੀ। (4%,5%)**
ਉੱਤਰ:- 4%
**ਪ੍ਰ.3;- 11ਵੀ ਯੋਜਨਾ ਵਿੱਚ ਖੇਤੀ ਵਿੱਚ ...... ਦੀ ਵਾਧਾ ਦਰ ਦਾ ਟੀਚਾ ਰੱਖਿਆ ਗਿਆ ਸੀ।(4%,5%)**
ਉੱਤਰ:- 4%

**ਪ੍ਰ.4;- ਵਰਤਮਾਨ ਸਮੇਂ ਵਿੱਚ ਦੇਸ਼ ਵਿੱਚ ਲਗਭਗ .......... ਪ੍ਰਾਥਮਿਕ ਸਹਿਕਾਰੀ ਵਿਕਰੀ ਸੰਮਤੀਆਂ ਕੰਮ ਕਰ ਰਹੀਆਂ ਹਨ। (7 ਹਜ਼ਾਰ,8 ਹਜ਼ਾਰ)**

ਉੱਤਰ:-7 ਹਜ਼ਾਰ

**ਸਹੀ/ਗਲਤ ਦੱਸੋ;**

**ਪ੍ਰ.1;- ਭਾਰਤ ਵਿੱਚ ਖੇਤੀ ਦੇ ਪਿਛੜੇਪਨ ਦਾ ਮੁੱਖ ਕਾਰਨ ਖੇਤੀ ਦਾ ਵਪਾਰੀਕਰਨ ਹੈ।**

ਉੱਤਰ:- ਗਲਤ।

**ਪ੍ਰ.2;- ਪਿਛਲੇ 60ਸਾਲਾਂ ਵਿੱਚ ਭਾਰਤ ਵਿੱਚ ਦਾਲਾਂ ਦਾ ਉਤਪਾਦਨ ਲਗਭਗ 4 ਗੁਣਾ ਵਧ ਗਿਆ ਹੈ।**

ਉੱਤਰ:- ਗਲਤ।

**ਪ੍ਰ.3;- ਭਾਰਤ ਵਿੱਚ ਪ੍ਰਤੀ ਵਿਅਕਤੀ ਖੇਤੀ ਭੂਮੀ ਖੇਤਰ ਲਗਭਗ 0.2 ਹੈਕਟੇਅਰ ਹੈ।**

ਉੱਤਰ:-ਸਹੀ।

**ਪ੍ਰ.4;- ਭਾਰਤ ਵਿੱਚ ਖੇਤੀਬਾੜੀ ਜੋਤਾਂ ਦਾ ਔਸਤ ਅਕਾਰ ਲਗਭਗ 1.06 ਹੈਕਟੇਅਰ ਹੈ।**

ਉੱਤਰ:- ਸਹੀ।

**ਬਹੁਤ ਛੋਟੇ ਉਤਰਾਂ ਵੱਲੇ ਪ੍ਰਸ਼ਨ; 2 ਅੰਕਾਂ ਵਾਲੇ ਪ੍ਰਸ਼ਨ**

**ਪ੍ਰ.1;- ਖੇਤੀ ਤੋਂ ਕੀ ਭਾਵ ਹੈ?**

ਉੱਤਰ:-ਇਕ ਖੇਤ ਵਿੱਚ ਪਸ਼ੂਆਂ ਅਤੇ ਫਸਲਾਂ ਦੇ ਉਤਪਾਦਨ ਸਬੰਧੀ ਕਲਾ ਜਾਂ ਵਿਗਿਆਨ ਨੂੰ ਖੇਤੀ ਕਹਿੰਦੇ ਹਨ। ਅਰਥਸ਼ਾਸਤਰ ਵਿੱਚ ਇਸ ਸ਼ਬਦ ਦਾ ਪ੍ਰਯੋਗ ਖੇਤੀ ਨਾਲ ਸਬੰਧਿਤ ਹਰੇਕ ਪਹਿਲੂ ਵਾਸਤੇ ਕੀਤਾ ਜਾਂਦਾ ਹੈ।

**ਪ੍ਰ.2;- ਮਜ਼ਦੂਰੀ ਪਦਾਰਥਾਂ ਤੋਂ ਕੀ ਭਾਵ ਹੈ?**

ਉੱਤਰ:- ਮਜ਼ਦੂਰੀ ਪਦਾਰਥ ਉਹ ਵਸਤੂਆਂ ਹਨ,ਜਿੰਨਾਂ ਨੂੰ ਦੇਸ਼ ਦੀ ਜਨਤਾ ਆਪਣੀਆਂ ਜਰੂਰੀ ਲੋੜਾਂ ਨੂੰ ਸੰਤੁਸ਼ਟ ਕਰਨ ਵਾਸਤੇ ਉਪਭੋਗ ਕਰਦੀ ਹੈ।ਇਨ੍ਹਾਂ ਵਿੱਚ ਕਣਕ ,ਚਾਵਲ,ਦਾਲਾਂ ,ਮੱਕੀ ,ਬਾਜਰਾ,ਤਿਲਹਨ ਆਦਿ ਖੇਤੀ ਵਸਤੂਆਂ ਸ਼ਾਮਿਲ ਹੁੰਦੀਆਂ ਹਨ।

**ਪ੍ਰ.3;- ਸਰਕਾਰ ਵੱਲੋਂ ਰਾਸ਼ਟਰੀ ਖੇਤੀ ਨੀਤੀ ਕਦੋਂ ਲਾਗੂ ਕੀਤੀ ਗਈ?**

ਉੱਤਰ:- ਭਾਰਤ ਸਰਕਾਰ ਵੱਲੋਂ 25 ਜੁਲਾਈ 2000 ਨੂੰ ਰਾਸ਼ਟਰੀ ਖੇਤੀ ਨੀਤੀ ਦਾ ਐਲਾਨ ਕੀਤਾ ਗਿਆ।

**ਛੋਟੇ ਉੱਤਰਾਂ ਵੱਲੇ ਪ੍ਰਸ਼ਨ; 4 ਅੰਕਾਂ ਵਾਲੇ ਪ੍ਰਸ਼ਨ**

**ਪ੍ਰ.1;- ਭਾਰਤੀ ਖੇਤੀ ਦਾ ਦੇਸ਼ ਦੀ ਅਰਥਵਿਵਸਥਾ ਵਿੱਚ ਕੀ ਮਹੱਤਤਾ ਹੈ?**

**ਪ੍ਰ.2;- ਭਾਰਤੀ ਖੇਤੀ ਦੇ ਪਿਛੜੇਪਨ ਲਈ ਚਾਰ ਤਕਨੀਕੀ ਤੱਤਾਂ ਬਾਰੇ ਦੱਸੋ।**

**ਪ੍ਰ.3;- ਭਾਰਤੀ ਖੇਤੀ ਦੇ ਪਿਛੜੇਪਨ ਲਈ ਚਾਰ ਮਨੁੱਖੀ ਤੱਤਾਂ ਬਾਰੇ ਦੱਸੋ।**

**ਪ੍ਰ.4;- ਭਾਰਤੀ ਖੇਤੀ ਦੇ ਪਿਛੜੇਪਨ ਨੂੰ ਦੂਰ ਕਰਨ ਲਈ ਕਿਸੇ ਚਾਰ ਉਪਾਅਵਾਂ ਬਾਰੇ ਲਿਖੋ।**

**ਪ੍ਰ.5;- ਖੇਤੀਬਾੜੀ ਵਿੱਚ ਛੁਪੀ ਬੇਰੁਜ਼ਗਾਰੀ ਤੋਂ ਕੀ ਭਾਵ ਹੈ?**

**ਪ੍ਰ.6;- ਨਵੀਂ ਖੇਤੀਬਾੜੀ ਨੀਤੀ ਤੋਂ ਤੁਸੀਂ ਕੀ ਸਮਝਦੇ ਹੋ ?**

**ਪ੍ਰ.7;- ਯੰਤਰੀਕਰਣ ਤੋਂ ਤੁਸੀਂ ਕੀ ਸਮਝਦੇ ਹੋ?**

**ਵੱਡੇ ਉੱਤਰਾਂ ਵੱਲੇ ਪ੍ਰਸ਼ਨ; 6 ਅੰਕਾਂ ਵਾਲੇ ਪ੍ਰਸ਼ਨ**

**ਪ੍ਰ.1;- ਭਾਰਤ ਵਿੱਚ ਖੇਤੀ ਦਾ ਕੀ ਮਹੱਤਵ ਹੈ?**

**ਪ੍ਰ.2;- ਭਾਰਤ ਵਿੱਚ ਖੇਤੀ ਦੇ ਪਿਛੜੇਪਨ ਦੇ ਕੀ ਕਾਰਨ ਹਨ?ਤੁਸੀਂ ਖੇਤੀ ਦੇ ਪਿਛੜੇਪਨ ਨੂੰ ਦੂਰ ਕਰਨ ਲਈ ਕੀ ਸੁਝਾਅ ਦਿਓਗੇ?**

**ਪ੍ਰ.3;-ਖੇਤੀਬਾੜੀ ਦੇ ਵਿਕਾਸ ਲਈ ਸਰਕਾਰ ਵਲੋਂ ਕੀਤੇ ਗਏ ਉਪਾਆਵਾਂ ਦਾ ਸੰਖੇਪ ਵਰਣਨ ਕਰੋ।**

(ਬਲਦੇਵ ਸਿੰਘ ਲੈਕਚਰਾਰ
ਅਰਥਸ਼ਾਸਤਰ ਸ.ਸ.ਸ.ਸ.
ਹੁਸ਼ਿਆਰਪੁਰ,ਸ.ਅ.ਸ.ਨਗਰ)

# ਪਾਠ 4. ਭਾਰਤੀ ਉਦਯੋਗ;ਵਿਸ਼ੇਸ਼ਤਾਵਾਂ,ਸਮੱਸਿਆਵਾਂ ਅਤੇ ਨੀਤੀਆਂ

**ਵਸਤੂ ਨਿਸ਼ਠ ਪ੍ਰਸ਼ਨ / ਸਹੀ ਵਿਕਲਪ ਚੁਣੋ; 1 ਅੰਕ ਵਾਲੇ ਪ੍ਰਸ਼ਨ**

**ਪ੍ਰ.1;-ਆਜ਼ਾਦੀ ਤੋਂ ਬਾਅਦ ਹੁਣ ਤੱਕ ਉਦਯੋਗ ਖੇਤਰ ਦੀ ਔਸਤ ਸਾਲਾਨਾ ਵਾਧਾ ਦਰ ਕਿੰਨੀ ਰਹੀ ਹੈ?**
**(ੳ) 6.9% (ਅ) 7% (ੲ) 8% (ਸ) 9%**
ਉੱਤਰ:- (ੳ) 6.9%

**ਪ੍ਰ.2;- ਭਾਰਤ ਦੀ ਰਾਸ਼ਟਰੀ ਆਮਦਨ (GDP) ਵਿੱਚ ਵਰਤਮਾਨ ਸਮੇਂ ਉਦਯੋਗਾਂ ਦਾ ਕਿੰਨਾ ਯੋਗਦਾਨ ਹੈ?**
**(ੳ) 17% (ਅ)26% (ੲ) 30% (ਸ) 35%**
ਉੱਤਰ:- (ਅ)26%

**ਪ੍ਰ.3;- ਹੇਠ ਲਿਖਿਆਂ ਵਿੱਚੋਂ ਕਿਹੜਾ ਭਾਰਤ ਦੇ ਉਦਯੋਗਾਂ ਦੇ ਪਿਛੜੇਪਨ ਦਾ ਕਾਰਨ ਹੈ?**
**(ੳ)ਨਵੀਆਂ ਖੋਜਾਂ ਦੀ ਘਾਟ (ਅ) ਆਧਾਰਿਕ ਸਰੰਚਨਾ ਦੀ ਕਮੀ (ੲ) ਕੱਚੇ-ਮਾਲ ਦੀ ਘਾਟ (ਸ)ਉਪਰੋਕਤ ਸਾਰੇ**
ਉੱਤਰ:- (ਸ) ਉਪਰੋਕਤ ਸਾਰੇ

**ਪ੍ਰ.4;-ਵਰਤਮਾਨ ਵਿੱਚ ਦੇਸ਼ ਵਿੱਚ ਕੇਂਦਰੀ ਸਰਵਜਨਕ ਖੇਤਰ ਦੇ ਉਪਕਰਮਾਂ ਦੀ ਸੰਖਿਆ ਕਿੰਨੀ ਹੈ?**
**(ੳ) 240 (ਅ) 246 (ੲ) 250 (ਸ) 255**
ਉੱਤਰ:- (ਅ) 246

**ਪ੍ਰ.5;- ਭਾਰਤ ਦੇ ਸਕਲ ਘਰੇਲੂ ਉਤਪਾਦ (GDP)ਦਾ ਕਿੰਨੇ ਪ੍ਰਤੀਸ਼ਤ ਹਿੱਸਾ ਖੋਜਾਂ ਅਤੇ ਵਿਕਾਸ ਤੇ ਖਰਚ ਕੀਤਾ ਜਾਂਦਾ ਹੈ?**
**(ੳ) 1.2% (ਅ)2.3% (ੲ) 3.2% (ਸ) 4.3%**
ਉੱਤਰ:- (ਅ)2.3%

**ਪ੍ਰ.6;- ਭਾਰਤ ਵਿੱਚ ਰੁਜ਼ਗਾਰ ਦੇਣ ਵਿੱਚ ਲਘੂ ਖੇਤਰ ਦੇ ਉਦਯੋਗਾਂ ਦਾ ਕਿੰਨਾ ਯੋਗਦਾਨ ਹੈ?**
**(ੳ) 10% (ਅ) 14% (ੲ) 19% (ਸ) 22%**
ਉੱਤਰ:- (ਅ) 14%

## ਖਾਲੀ ਥਾਵਾਂ ਵਿੱਚ ਸਹੀ ਸ਼ਬਦ ਚੁਣ ਕੇ ਭਰੋ;

**ਪ੍ਰ.1;- ਭਾਰਤੀ ਉਦਯੋਗਾਂ ਵਿੱਚ ਉਤਪਾਦਨ ਯੋਗਤਾ ਦਾ ........... ਉਪਯੋਗ ਹੁੰਦਾ ਹੈ।(ਪੂਰਨ,ਅਪੂਰਨ)**
ਉੱਤਰ:- ਅਪੂਰਨ

**ਪ੍ਰ.2;-ਭਾਰਤ ਦੀ ਗਿਣਤੀ ਸੰਸਾਰ ਦੇ ............ ਉਦਯੋਗਿਕ ਦੇਸ਼ ਦੇ ਰੂਪ ਵਿੱਚ ਹੋਣ ਲੱਗੀ ਹੈ। (10ਵੇਂ,12ਵੇਂ)**
ਉੱਤਰ:- 10ਵੇਂ

**ਪ੍ਰ.3;- ਲਘੂ ਅਤੇ ਕੁਟੀਰ ਉਦਯੋਗਾਂ ਨੂੰ ਕਰਜ਼ੇ ਦੇਣ ਲਈ ............ ਦੀ ਸਥਾਪਨਾ ਕੀਤੀ ਗਈ। (IDBI, SIDBI)**
ਉੱਤਰ:- SIDBI

**ਪ੍ਰ.4;-1952 ਵਿੱਚ ਕੇਂਦਰੀ ਸਰਕਾਰ ਦੇ ਉਪਕਰਮਾਂ ਦੀ ਗਿਣਤੀ ........... ਸੀ। (5 , 10)**
ਉੱਤਰ:- 5

**ਪ੍ਰ.5;- ਲਘੂ ਉਦਯੋਗ ਖਾਸ ਤੌਰ ਤੇ ............. ਹੁੰਦੇ ਹਨ। (ਕਿਰਤ ਪ੍ਰਧਾਨ , ਪੂੰਜੀ ਪ੍ਰਧਾਨ)**
ਉੱਤਰ:- ਕਿਰਤ ਪ੍ਰਧਾਨ

## ਸਹੀ/ਗਲਤ ਦੱਸੋ;

**ਪ੍ਰ.1;- ਭਾਰਤ ਵਿੱਚ ਉਦਯੋਗਿਕ ਵਿਕਾਸ ਦੀ ਦਰ 13% ਰਹੀ ਹੈ।**
ਉੱਤਰ:- ਗਲਤ

**ਪ੍ਰ.2;- ਉਦਯੋਗਾਂ ਦੇ ਵਿਕਾਸ ਨਾਲ ਖੇਤੀ ਤੇ ਕਿਰਤ ਦਾ ਭਾਰ ਘੱਟ ਹੋਵੇਗਾ।**
ਉੱਤਰ:- ਸਹੀ

**ਪ੍ਰ.3;- ਭਾਰਤ ਵਿੱਚ ਉਦਯੋਗਿਕ ਖੇਤਰ ਦਾ ਸਕਲ ਘਰੇਲੂ ਉਤਪਾਦ (GDP) ਵਿੱਚ ਯੋਗਦਾਨ 70% ਹੈ।**
ਉੱਤਰ:-ਗਲਤ
**ਪ੍ਰ.4;- ਭਾਰਤ ਵਿੱਚ ਉਦਯੋਗਿਕ ਰੋਗੀਪੁਣੇ ਦੀ ਸਮੱਸਿਆ ਬਹੁਤ ਘੱਟ ਹੈ।**
ਉੱਤਰ:- ਗਲਤ

## ਬਹੁਤ ਛੋਟੇ ਉਤਰਾਂ ਵਾਲੇ ਪ੍ਰਸ਼ਨ 1ਅੰਕ ਵਾਲੇ ਪ੍ਰਸ਼ਨ

**ਪ੍ਰ.1;- ਭਾਰਤ ਸਰਕਾਰ ਨੇ ਬਿਮਾਰ ਕਪੜਾ ਉਦਯੋਗਾਂ ਦੀ ਮੁੜ ਸਥਾਪਨਾ ਲਈ ਕਿਹੜੀ ਸੰਸਥਾ ਬਣਾਈ ਹੈ?**
ਉੱਤਰ:- ਰਾਸ਼ਟਰੀ ਸੂਤੀ ਕਪੜਾ ਨਿਗਮ
**ਪ੍ਰ.2;- ਬਿਮਾਰ ਉਦਯੋਗਾਂ ਦੇ ਸਬੰਧ ਵਿੱਚ ਕਿਹੜੀ ਸੰਸਥਾ ਉੱਚਤਮ ਹੈ?**
ਉੱਤਰ:-ਉਦਯੋਗਿਕ ਅਤੇ ਵਿੱਤੀ ਪੁਨਰ ਨਿਰਮਾਣ ਬੋਰਡ।
**ਪ੍ਰ.3;- ਭਾਰਤੀ ਮਾਨਕ ਬਿਊਰੋ ਦੀ ਸਥਾਪਨਾ ਕਿਸ ਵਾਸਤੇ ਕੀਤੀ ਗਈ ਹੈ?**
ਉੱਤਰ:- ਭਾਰਤੀ ਮਾਨਕ ਬਿਊਰੋ ਦੀ ਸਥਾਪਨਾ ਉਦਯੋਗਿਕ ਉਤਪਾਦਨ ਦੀ ਗੁਣਵਤਾ ਨੂੰ ਸੁਧਾਰਨ ਲਈ ਉਸ ਦਾ ਮਾਨਕੀਕਰਣ ਕਰਨ ਲਈ ਕੀਤੀ ਗਈ ਹੈ।
**ਪ੍ਰ.4;- ਬਿਮਾਰ ਇਕਾਈਆਂ ਕਿਹੜੀਆਂ ਹੁੰਦੀਆਂ ਹਨ?**
ਉੱਤਰ:- ਬਿਮਾਰ ਇਕਾਈਆਂ ਉਹ ਇਕਾਈਆਂ ਹਨ ਜੋ ਆਪਣੇ ਕਰਜ਼ੇ ਅਤੇ ਵਿਆਜ ਨੂੰ ਵਾਪਿਸ ਨਹੀਂ ਕਰ ਸਕਦੀਆਂ।
**ਪ੍ਰ.5;- ਨਵੀਂ ਉਦਯੋਗਿਕ ਨੀਤੀ ਕਦੋਂ ਲਾਗੂ ਕੀਤੀ ਗਈ**
ਉੱਤਰ:- 1991 ਵਿੱਚ
**ਪ੍ਰ.6;- ਸੇਵਾ ਖੇਤਰ ਦਾ ਰਾਸ਼ਟਰੀ ਆਮਦਨ ਵਿੱਚ ਕਿੰਨੇ ਪ੍ਰਤੀਸ਼ਤ ਯੋਗਦਾਨ ਹੈ?**
ਉੱਤਰ:- **56%**
**ਪ੍ਰ.7;- SIDBI ਦਾ ਵਿਸਥਾਰ ਲਿਖੋ।**
ਉੱਤਰ:- **Small Industrial Development Bank of India**
**ਪ੍ਰ.8;- ਭਾਰਤੀ ਮਾਨਕ ਬਿਊਰੋ ਦੀ ਸਥਾਪਨਾ ਕਦੋਂ ਕੀਤੀ ਗਈ ਸੀ**
ਉੱਤਰ:- **1947 ਵਿੱਚ**
**ਪ੍ਰ.9;- ਜਿਹੜੇ ਉਦਯੋਗ , ਭਾਰਤੀ ਮਾਨਕ ਬਿਊਰੋ ਦੁਆਰਾ ਨਿਰਧਾਰਿਤ ਮਾਨਕ (Standard)ਅਨੁਸਾਰ ਉਤਪਾਦਨ ਕਰਦੇ ਹਨ,ਉਹਨਾਂ ਨੂੰ ਕਿਹੜਾ ਮਾਰਕ ਲਗਾਉਣ ਦੀ ਆਗਿਆ ਹੁੰਦੀ ਹੈ?**
ਉੱਤਰ:- **ISI ਮਾਰਕ**
**ਪ੍ਰ.10;- ਤਕਨੀਕੀ ਵਿਕਾਸ ਬੋਰਡ ਦੀ ਸਥਾਪਨਾ ਕਦੋਂ ਕੀਤੀ ਗਈ ਸੀ ?**
ਉੱਤਰ:- **1996 ਵਿੱਚ ।**

### ਬਹੁਤ ਛੋਟੇ ਉਤਰਾਂ ਵੱਲੇ ਪ੍ਰਸ਼ਨ; 2 ਅੰਕਾਂ ਵਾਲੇ ਪ੍ਰਸ਼ਨ

**ਪ੍ਰ.1;- ਆਯਾਤ ਪ੍ਰਤੀਸਥਾਪਨ ਤੋਂ ਕੀ ਭਾਵ ਹੈ?**
ਉੱਤਰ:-ਆਯਾਤ ਪ੍ਰਤੀਸਥਾਪਨ ਤੋਂ ਭਾਵ ਹੈ ਕਿ ਦੇਸ਼ ਵਿੱਚ ਅਜਿਹਾ ਉਦਯੋਗਿਕ ਵਾਤਾਵਰਨ ਤਿਆਰ ਕੀਤਾ ਜਾਵੇ ਕਿ ਆਯਾਤ ਕੀਤੀਆਂ ਜਾਣ ਵਾਲੀਆਂ ਵਸਤੂਆਂ ਦਾ ਦੇਸ਼ ਵਿੱਚ ਹੀ ਉਤਪਾਦਨ ਕੀਤਾ ਜਾਵੇ ,ਜਿਸ ਨਾਲ ਵਿਦੇਸ਼ੀ ਮੁਦਰਾ ਦੀ ਬੱਚਤ ਹੋ ਸਕਦੀ ਹੈ।
**ਪ੍ਰ.2;- ਨਿਰਯਾਤ ਪ੍ਰੋਤਸਾਹਨ ਤੋਂ ਕੀ ਭਾਵ ਹੈ?**
ਉੱਤਰ:- ਨਿਰਯਾਤ ਪ੍ਰੋਤਸਾਹਨ ਤੋਂ ਭਾਵ ਹੈ ਕਿ ਦੇਸ਼ ਵਿੱਚ ਅਜਿਹੀਆਂ ਨੀਤੀਆਂ ਬਣਾਈਆਂ ਜਾਣ ਜਿਸ ਨਾਲ ਦੇਸ਼ ਦੇ ਉਤਪਾਦਨ ਨੂੰ ਵੱਧ ਤੋਂ ਵੱਧ ਨਿਰਯਾਤ ਕਰਨ ਲਈ ਪ੍ਰੇਰਿਤ ਕੀਤਾ ਜਾਵੇ ਤਾਂ ਜੋ ਵਿਦੇਸ਼ੀ ਮੁਦਰਾ ਵੱਧ ਤੋਂ ਵੱਧ ਪ੍ਰਾਪਤ ਕਰਕੇ ਦੇਸ਼ ਦਾ ਵਿਕਾਸ ਕੀਤਾ ਜਾ ਸਕੇ।
**ਪ੍ਰ.3;- ਪੂੰਜੀਗਤ ਵਸਤੂਆਂ ਤੋਂ ਕੀ ਭਾਵ ਹੈ ?**
ਉੱਤਰ:- ਪੂੰਜੀਗਤ ਵਸਤੂਆਂ ਉਹ ਹੁੰਦੀਆਂ ਹਨ ਜਿੰਨ੍ਹਾਂ ਦੀ ਵਰਤੋਂ ਹੋਰ ਉਤਪਾਦਨ ਕਰਨ ਲਈ ਕੀਤੀ ਜਾਂਦੀ ਹੈ,ਜਿਵੇਂ ਮਸ਼ੀਨਾਂ,ਯੰਤਰ ਆਦਿ ਉਤਪਾਦਨ ਕਰਨ ਵਾਲੇ ਉਦਯੋਗਾਂ ਦਾ ਵਿਕਾਸ ਹਰੇਕ ਅਰਥਵਿਵਸਥਾ ਦੇ ਤੇਜ਼ ਵਿਕਾਸ ਲਈ ਜਰੂਰੀ ਹੁੰਦੇ ਹਨ।
**ਪ੍ਰ.4;- ਮਨੁੱਖੀ ਪੂੰਜੀ ਦੇ ਵਿਕਾਸ ਤੋਂ ਕੀ ਭਾਵ ਹੈ?**
ਉੱਤਰ:-ਮਨੁੱਖੀ ਪੂੰਜੀ ਦੇ ਵਿਕਾਸ ਤੋਂ ਭਾਵ ਦੇਸ਼ ਦੇ ਲੋਕਾਂ ਦੀ ਕਾਰਜ਼ਕੁਸ਼ਲਤਾ , ਸਿੱਖਿਆ,ਤਕਨੀਕੀ ਅਤੇ ਵਿਗਿਆਨਕ ਗਿਆਨ ,ਸਿਹਤ ,ਅਨੁਸ਼ਾਸ਼ਨ ਆਦਿ ਤੋਂ ਹੈ।ਇਹਨਾਂ ਗੁਣਾਂ ਦੇ ਕਾਰਨ ਮਨੁੱਖ ਆਰਥਿਕ ਵਿਕਾਸ ਦੀ ਗਤੀ ਨੂੰ ਤੇਜ਼ ਕਰਨ ਦੇ ਯੋਗ ਹੋ ਜਾਂਦੇ ਹਨ।

**ਪ੍ਰ.5;- ਉਦਯੋਗਿਕ ਸ਼ਾਂਤੀ ਕੀ ਹੁੰਦੀ ਹੈ?**
ਉੱਤਰ:- ਉਦਯੋਗਿਕ ਸ਼ਾਂਤੀ ਤੋਂ ਭਾਵ ਉਦਯੋਗ ਮਾਲਕਾਂ ਅਤੇ ਮਜ਼ਦੂਰਾਂ ਦੇ ਆਪਸੀ ਸਬੰਧ ਠੀਕ ਹੋਣ।ਕੋਈ ਲੜਾਈ ਝਗੜਾ ,ਤਾਲਾਬੰਦੀ ਨਾ ਹੋਵੇ ।ਇਹ ਦੇਸ਼ ਦੇ ਵਿਕਾਸ ਲਈ ਬਹੁਤ ਜਰੂਰੀ ਹੈ।

**ਪ੍ਰ.6;- ਵਿਦੇਸ਼ੀ ਨਿਵੇਸ਼ ਬੋਰਡ(Foreign Investment Board) ਦੀ ਸਥਾਪਨਾ ਕਿਉਂ ਕੀਤੀ ਗਈ ਸੀ ?**
ਉੱਤਰ:- ਸੰਨ 1991 ਵਿੱਚ ਨਵੀਂ ਉਦਯੋਗਿਕ ਨੀਤੀ ਵਿੱਚ ਵਿਦੇਸ਼ੀ ਪੂੰਜੀ ਨਿਵੇਸ਼ ਨੂੰ ਕਾਫੀ ਪ੍ਰੋਤਸਾਹਨ ਦਿੱਤਾ ਗਿਆ ਸੀ। ਸਰਕਾਰ ਵੱਲੋਂ ਵਿਦੇਸ਼ੀ ਪੂੰਜੀ ਨਿਵੇਸ਼ ਨੂੰ ਮਨਜ਼ੂਰੀ ਦੇਣ ਲਈ ਵਿਦੇਸ਼ੀ ਨਿਵੇਸ਼ ਬੋਰਡ ਦੀ ਸਥਾਪਨਾ ਕੀਤੀ ਸੀ।

**ਪ੍ਰ.7;- ਖਾਸ ਆਰਥਿਕ ਖੇਤਰ (Special Economic Zone) SEZ ਤੋਂ ਕੀ ਭਾਵ ਹੈ?**
ਉੱਤਰ:-ਸਾਲ 2002 ਵਿੱਚ ਨਿਰਯਾਤ ਉਦਯੋਗਾਂ ਨੂੰ ਅੰਤਰਰਾਸ਼ਟਰੀ ਪ੍ਰਤੀਯੋਗਤਾ ਦੇ ਸਮਰੱਥ ਬਣਾਉਣ ਲਈ ਖਾਸ ਆਰਥਿਕ ਖੇਤਰਾਂ ਦੀ ਸਥਾਪਨਾ ਕੀਤੀ ਗਈ।ਇਸ ਖੇਤਰ ਦੇ ਉਦਯੋਗਾਂ ਦਾ ਸਾਰਾ ਉਤਪਾਦਨ ਨਿਰਯਾਤ ਕੀਤਾ ਜਾਂਦਾ ਹੈ।ਇਹਨਾਂ ਉਦਯੋਗਾਂ ਨੂੰ ਕਈ ਪ੍ਰਕਾਰ ਦੀਆਂ ਸਹੂਲਤਾਂ ਦਿੱਤੀਆਂ ਜਾਂਦੀ ਹਨ।

## ਛੋਟੇ ਉੱਤਰਾਂ ਵੱਲੇ ਪ੍ਰਸ਼ਨ; 4 ਅੰਕਾਂ ਵਾਲੇ ਪ੍ਰਸ਼ਨ

**ਪ੍ਰ.1;- ਉਦਯੋਗਿਕ ਵਿਕਾਸ ਰਾਸ਼ਟਰੀ ਆਮਦਨ ਵਿੱਚ ਵਾਧਾ ਕਿਵੇਂ ਕਰਦੇ ਹਨ?**
**ਪ੍ਰ.2;- ਉਦਯੋਗਿਕ ਵਿਕਾਸ ਨਿਰਯਾਤ-ਪ੍ਰੋਤਸਾਹਨ ਵਿੱਚ ਕਿਵੇਂ ਸਹਾਇਕ ਹੈ?**
**ਪ੍ਰ.3;- ਉਦਯੋਗਿਕ ਵਿਕਾਸ ਵਿੱਚ ਆਰਥਿਕ ਸੰਰਚਨਾ ਦੀ ਕੀ ਲੋੜ ਹੈ? ਕੀ ਭਾਰਤ ਵਿੱਚ ਕਾਫੀ ਮਾਤਰਾ ਵਿੱਚ ਉਪਲਬਧ ਹੈ?**
**ਪ੍ਰ.4;- ਭਾਰਤ ਦੇ ਉਦਯੋਗਿਕ ਵਿਕਾਸ ਦੀਆਂ ਚਾਰ ਮੁੱਖ ਸਮੱਸਿਆਵਾਂ ਦੱਸੋ।**
**ਪ੍ਰ.5;- ਭਾਰਤ ਦੇ ਉਦਯੋਗਿਕ ਵਿਕਾਸ ਦੀਆਂ ਸਮੱਸਿਆਵਾਂ ਦੇ ਹੱਲ ਲਈ ਚਾਰ ਸੁਝਾਅ ਦਿਓ।**
**ਪ੍ਰ.6;- ਉਦਯੋਗਾਂ ਦੇ ਵਿਕਾਸ ਲਈ ਸਰਕਾਰੀ ਉਪਾਵਾਂ ਦਾ ਸੰਖੇਪ ਵਰਣਨ ਕਰੋ।**

## ਵੱਡੇ ਉੱਤਰਾਂ ਵੱਲੇ ਪ੍ਰਸ਼ਨ; 6 ਅੰਕਾਂ ਵਾਲੇ ਪ੍ਰਸ਼ਨ

**ਪ੍ਰ.1;- ਭਾਰਤ ਦੇ ਆਰਥਿਕ ਵਿਕਾਸ ਵਿੱਚ ਉਦਯੋਗੀਕਰਣ ਦੇ ਮਹੱਤਵ ਦਾ ਵਰਣਨ ਕਰੋ।**
**ਪ੍ਰ.2;- ਭਾਰਤ ਦੇ ਉਦਯੋਗਿਕ ਵਿਕਾਸ ਦੀਆਂ ਕਿਹੜੀਆਂ ਸਮੱਸਿਆਵਾਂ ਹਨ। ਉਨ੍ਹਾਂ ਦੇ ਹੱਲ ਲਈ ਸੁਝਾਅ ਦਿਓ।**
**ਪ੍ਰ.3;- ਭਾਰਤ ਵਿੱਚ ਉਦਯੋਗਾਂ ਦੇ ਵਿਕਾਸ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਸਰਕਾਰ ਵੱਲੋਂ ਚੁੱਕੇ ਗਏ ਕਦਮਾਂ ਦਾ ਵਰਣਨ ਕਰੋ।**

**(ਬਲਦੇਵ ਸਿੰਘ ਲੈਕਚਰਾਰ**
**ਅਰਥਸ਼ਾਸਤਰ ਸ.ਸ.ਸ.ਸ.**
ਹੁਸ਼ਿਆਰਪੁਰ,ਸ.ਅ.ਸ.ਨਗਰ)

# ਪਾਠ 5. ਉਦਯੋਗਿਕ ਨੀਤੀ ਅਤੇ ਉਦਯੋਗਿਕ ਲਾਇਸੈਂਸਿੰਗ

**ਵਸਤੂ ਨਿਸ਼ਠ ਪ੍ਰਸ਼ਨ / ਸਹੀ ਵਿਕਲਪ ਚੁਣੋ; 1 ਅੰਕ ਵਾਲੇ ਪ੍ਰਸ਼ਨ**

**ਪ੍ਰ.1;- ਭਾਰਤ ਵਿੱਚ ਨਵੀਂ ਉਦਾਰਵਾਦੀ ਨੀਤੀ ਕਦੋਂ ਸ਼ੁਰੂ ਕੀਤੀ ਗਈ?**
**(ੳ) 1970 (ਅ)1980 (ੲ) 1991 (ਸ) 2006**
ਉੱਤਰ:- **(ੲ) 1991**

**ਪ੍ਰ.2;- ਦੇਸ਼ ਦੀ ਪਹਿਲੀ ਉਦਯੋਗਿਕ ਨੀਤੀ ਕਦੋਂ ਐਲਾਨੀ ਗਈ?**
**(ੳ)1947 (ਅ) 1948 (ੲ) 1956 (ਸ) 1977**
ਉੱਤਰ:- **(ਅ) 1948**

**ਪ੍ਰ.3;- ਨਵੀਂ ਉਦਯੋਗਿਕ ਨੀਤੀ ਵਿੱਚ ਸਰਵਜਨਕ ਖੇਤਰ ਲਈ ਕਿੰਨੇ ਉਦਯੋਗਾਂ ਨੂੰ ਸੁਰੱਖਿਆ ਰੱਖਿਆ ਗਿਆ ਹੈ?**
**(ੳ) 2 (ਅ) 4 (ੲ) 5 (ਸ) 6**
ਉੱਤਰ:- (ੳ) 2

**ਪ੍ਰ.4;- ਲਾਇਸੈਂਸ ਦੀ ਸਮਾਪਤੀ ਕਦੋਂ ਕੀਤੀ ਗਈ?**
**(ੳ) 1990 (ਅ) 1991 (ੲ) 1999 (ਸ) 1956**
ਉੱਤਰ:- (ੲ) 1999 ਵਿੱਚ

**ਪ੍ਰ.5;- ਹੇਠ ਲਿਖਿਆਂ ਵਿੱਚੋਂ ਕਿਹੜਾ ਉਦਯੋਗ ਲਗਾਉਣ ਲਈ ਲਾਇਸੈਂਸ ਲੈਣ ਦੀ ਜਰੂਰਤ ਹੈ?**
**(ੳ) ਖਤਰਨਾਕ ਰਸਾਇਣ (ਅ) ਸੁਰੱਖਿਆ ਉਪਕਰਣ (ੲ) ਤੰਬਾਕੂ (ਸ) ਉਪਰੋਕਤ ਸਾਰੇ**
ਉੱਤਰ:- (ਸ) ਉਪਰੋਕਤ ਸਾਰੇ

## ਖਾਲੀ ਥਾਵਾਂ ਵਿੱਚ ਸਹੀ ਸ਼ਬਦ ਚੁਣ ਕੇ ਭਰੋ;

**ਪ੍ਰ.1;- ਭਾਰਤ ਦੀ ਪਹਿਲੀ ਉਦਯੋਗਿਕ ਨੀਤੀ ......... ਦੁਆਰਾ ਪੇਸ਼ ਕੀਤੀ ਗਈ।(ਜਵਾਹਰ ਲਾਲ ਨਹਿਰੂ, ਸ਼ਿਆਮਾ ਪ੍ਰਸਾਦ ਮੁਖਰਜੀ)**
ਉੱਤਰ:- ਸ਼ਿਆਮਾ ਪ੍ਰਸਾਦ ਮੁਖਰਜੀ
**ਪ੍ਰ.2;- 1948 ਦੀ ਉਦਯੋਗਿਕ ਨੀਤੀ ਨੇ .......... ਅਰਥਵਿਵਸਥਾ ਦੀ ਨੀਂਹ ਰੱਖੀ। (ਮਿਸ਼ਰਤ,ਪੂੰਜੀਵਾਦੀ)**
ਉੱਤਰ:- ਮਿਸ਼ਰਤ
**ਪ੍ਰ.3;- FEMA ਵਿੱਚ ਵਿਦੇਸ਼ੀ ਵਟਾਂਦਰਾ ......... ਤੇ ਜੋਰ ਦਿੱਤਾ ਜਾਂਦਾ ਹੈ।(ਨਿਯੰਤਰਣ, ਪ੍ਰਬੰਧਨ)**
ਉੱਤਰ:- ਪ੍ਰਬੰਧਨ
**ਪ੍ਰ.4;- ਨਵੀਂ ਉਦਯੋਗਿਕ ਨੀਤੀ ਅਨੁਸਾਰ ਗੈਰ-ਪ੍ਰਦੂਸ਼ਣ ਉਦਯੋਗਾਂ ਨੂੰ ਛੱਡ ਕੇ ਸਾਰੀਆਂ ਇਕਾਈਆਂ ਨਗਰ ਦੀ ਸੀਮਾਂ ਤੋਂ ............ ਕਿਲੋਮੀਟਰ ਦੂਰ ਲੱਗਣਗੀਆਂ । (25 , 50 )**
ਉੱਤਰ:- 25
**ਪ੍ਰ.5;- ਵਰਤਮਾਨ ਵਿੱਚ ਕਿੰਨੀਆਂ ਵਸਤੂਆਂ ਦਾ ਉਤਪਾਦਨ ਲਘੂ ਉਦਯੋਗਾਂ ਦੁਆਰਾ ਕੀਤੇ ਜਾਣ ਲਈ ਸੁਰੱਖਿਅਤ ਹੈ?**
ਉੱਤਰ:- 20 ਵਸਤੂਆਂ।

## ਸਹੀ/ਗਲਤ ਦੱਸੋ;

**ਪ੍ਰ.1;- ਨਵੀਂ ਉਦਯੋਗਿਕ ਨੀਤੀ ਦਾ ਉਦੇਸ਼ ਨਿੱਜੀ ਖੇਤਰ ਤੇ ਰੋਕ ਲਗਾਉਣਾ ਹੈ।**
ਉੱਤਰ:- ਗਲਤ।
**ਪ੍ਰ.2;- ਨਵੀਂ ਉਦਯੋਗਿਕ ਨੀਤੀ 2001 ਵਿੱਚ ਪੇਸ਼ ਕੀਤੀ ਗਈ।**
ਉੱਤਰ:- ਗਲਤ
**ਪ੍ਰ.3;- ਨਵੀਂ ਨੀਤੀ ਅਨੁਸਾਰ ਬਹੁਤ ਸਾਰੇ ਉਦਯੋਗਾਂ ਵਿੱਚ ਵਿਦੇਸ਼ੀ ਨਿਵੇਸ਼ ਦੀ ਸੀਮਾਂ 100% ਕਰ ਦਿੱਤੀ ਹੈ।**
ਉੱਤਰ:- ਸਹੀ।
**ਪ੍ਰ.4;- ਸਰਕਾਰ ਵੱਲੋਂ ਉਦਯੋਗਿਕ (ਵਿਕਾਸ ਅਤੇ ਨਿਯਮਨ)ਐਕਟ 1951 ਅਨੁਸਾਰ ਸਾਲ 1952 ਵਿੱਚ ਲਾਇਸੈਂਸ ਪ੍ਰਣਾਲੀ ਅਪਣਾਈ ਸੀ।**
ਉੱਤਰ:- ਸਹੀ।
**ਪ੍ਰ.5;- 1951 ਤੋਂ 1991 ਤੱਕ 17 ਉਦਯੋਗ ਸਰਵਜਨਕ ਖੇਤਰ ਲਈ ਸੁਰੱਖਿਅਤ ਕੀਤੇ ਗਏ ਸਨ।**
ਉੱਤਰ:- ਸਹੀ

## ਬਹੁਤ ਛੋਟੇ ਉਤਰਾਂ ਵਾਲੇ ਪ੍ਰਸ਼ਨ

**ਪ੍ਰ.1;- ਨਵੀਂ ਉਦਯੋਗਿਕ ਨੀਤੀ ਦੀ ਮੁੱਖ ਵਿਸ਼ੇਸ਼ਤਾ ਕੀ ਹੈ?**
ਉੱਤਰ:- ਨਵੀਂ ਉਦਯੋਗਿਕ ਨੀਤੀ ਇੱਕ ਖੁੱਲੀ ਅਤੇ ਉਦਾਰਵਾਦੀ ਨੀਤੀ ਹੈ।
**ਪ੍ਰ.2;- ਭਾਰਤ ਸਰਕਾਰ ਨੇ ਉਦਯੋਗਿਕ ਨੀਤੀ (ਵਿਕਾਸ ਅਤੇ ਨਿਯਮਨ) ਅਧਿਨਿਯਮ ਕਦੋਂ ਬਣਾਇਆ?**
ਉੱਤਰ:- 1951 ਵਿੱਚ।
**ਪ੍ਰ.3;- ਭਾਰਤ ਵਿੱਚ ਪਹਿਲੀ ਉਦਯੋਗਿਕ ਨੀਤੀ ਕਦੋਂ ਅਪਣਾਈ ਗਈ?**
ਉੱਤਰ:- 6 ਅਪ੍ਰੈਲ,1948 ਨੂੰ।
**ਪ੍ਰ.4;- ਨਵੀਂ ਉਦਯੋਗਿਕ ਨੀਤੀ ਕਦੋਂ ਘੋਸ਼ਿਤ ਕੀਤੀ ਗਈ ਸੀ?**
ਉੱਤਰ:- **24 ਜੁਲਾਈ 1991 ਨੂੰ।**
**ਪ੍ਰ.5;- 1991 ਦੀ ਉਦਯੋਗਿਕ ਨੀਤੀ ਅਨੁਸਾਰ ਕਿੰਨੇ ਮੁੱਲ ਤੱਕ ਦੀਆਂ ਮਸ਼ੀਨਾਂ ਆਯਾਤ ਕਰਨ ਲਈ ਸਰਕਾਰ ਤੋਂ ਮਨਜ਼ੂਰੀ ਲੈਣ ਦੀ ਜਰੂਰਤ ਨਹੀਂ ਹੈ?**
ਉੱਤਰ:- ਦੋ ਕਰੋੜ ਰੁਪਏ ਤੱਕ ।
**ਪ੍ਰ.6;- FEMA ਦਾ ਵਿਸਥਾਰ ਲਿਖੋ।**

ਉੱਤਰ:- **Foreign Exchange Management Act.**

**ਪ੍ਰ.7;-FDI ਦਾ ਵਿਸਥਾਰ ਲਿਖੋ।**

ਉੱਤਰ:- **Foreign Direct Investment.**

**ਪ੍ਰ.8;-** ਲਾਇਸੈਂਸ ਪ੍ਰਣਾਲੀ ਦੇ ਕਾਰਜ ਪ੍ਰਬੰਧ ਦੀ ਜਾਂਚ ਕਰਨ ਲਈ ਬਣਾਈ ਦੱਤ ਕਮੇਟੀ ਨੂੰ ਕਿਸ ਨਾਮ ਨਾਲ ਵੀ ਜਾਣਿਆਂ ਜਾਂਦਾ ਹੈ?

ਉੱਤਰ:- '**ਉਦਯੋਗਿਕ ਲਾਇਸੈਂਸਿੰਗ ਨੀਤੀ ਜਾਂਚ ਸਮਿਤੀ**' ।

**ਬਹੁਤ ਛੋਟੇ ਉਤਰਾਂ ਵੱਲੇ ਪ੍ਰਸ਼ਨ; 2 ਅੰਕਾਂ ਵਾਲੇ ਪ੍ਰਸ਼ਨ**

**ਪ੍ਰ.1;- 1948 ਵਿੱਚ ਉਦਯੋਗਿਕ ਨੀਤੀ ਵਿੱਚ ਵੱਡੇ ਪੱਧਰ ਤੇ ਉਦਯੋਗਾਂ ਨੂੰ ਕਿਹੜੇ ਚਾਰ ਵਰਗਾਂ ਵਿੱਚ ਵੰਡਿਆ ਗਿਆ ਸੀ?**

ਉੱਤਰ:- (i) ਸਰਵਜਨਕ ਖੇਤਰ (ii) ਸਰਵਜਨਕ ਅਤੇ ਨਿੱਜੀ ਖੇਤਰ (iii) ਨਿਯੰਤਰਣ ਨਿੱਜੀ ਖੇਤਰ (iv) ਨਿੱਜੀ ਅਤੇ ਸਹਿਕਾਰੀ ਖੇਤਰ

**ਪ੍ਰ.2;- ਉਦਯੋਗਿਕ ਨੀਤੀ ਤੋਂ ਕੀ ਭਾਵ ਹੈ?**

ਉੱਤਰ:- ਉਦਯੋਗਿਕ ਨੀਤੀ ਤੋਂ ਭਾਵ ਉਨ੍ਹਾਂ ਵਿਭਿੰਨ ਸਿਧਾਂਤਾਂ ਅਤੇ ਕੰਮਾਂ ਤੋਂ ਹੈ ਜੋ ਦੇਸ਼ ਵਿੱਚ ਉਦਯੋਗੀਕਰਣ ਲਈ ਬਣਾਏ ਜਾਂਦੇ ਹਨ । ਉਦਯੋਗਿਕ ਨੀਤੀ ਇੱਕ ਉਪਕਰਣ ਹੈ ਜਿਸਦੀ ਸਹਾਇਤਾ ਨਾਲ ਸਰਕਾਰ ਵਿਕਾਸ ਪ੍ਰਕਿਰਿਆ ਵਿੱਚ ਭਾਗ ਲੈਂਦੀ ਹੈ।

**ਪ੍ਰ.3;- 1991 ਦੀ ਉਦਯੋਗਿਕ ਨੀਤੀ ਅਧੀਨ 'ਰਾਸ਼ਟਰੀ ਨਵੀਨੀਕਰਣ ਨਿੱਧੀ' ਕਿਸ ਵਾਸਤੇ ਬਣਾਈ ਗਈ ਹੈ?**

ਉੱਤਰ:- 1991 ਦੀ ਉਦਯੋਗਿਕ ਨੀਤੀ ਅਧੀਨ '**ਰਾਸ਼ਟਰੀ ਨਵੀਨੀਕਰਣ ਨਿੱਧੀ**' ਛਾਂਟੀ ਕੀਤੇ ਗਏ ਮੁਲਾਜ਼ਮਾਂ ਅਤੇ ਕਿਰਤੀਆਂ ਦੇ ਪੁਨਰਵਾਸ ਦੇ ਲਈ ਸਮਾਜਿਕ ਸੁਰੱਖਿਆ ਯੋਜਨਾ ਬਣਾਈ ਗਈ ਹੈ।

**ਪ੍ਰ.4;- ਲਾਇਸੈਂਸਿੰਗ ਦੀ ਸਮਾਪਤੀ ਤੋਂ ਕੀ ਭਾਵ ਹੈ ?**

ਉੱਤਰ:- ਇਸ ਦਾ ਅਰਥ ਹੈ ਉਦਯੋਗ ਦੀ ਸਥਾਪਨਾ ਲਈ ਲਾਇਸੈਂਸਿੰਗ ਨੂੰ ਖਤਮ ਕਰਨਾ । ਨਵੀਂ ਨੀਤੀ ਦੇ ਅਨੁਸਾਰ ਸਿਰਫ 15 ਉਦਯੋਗਾਂ ਨੂੰ ਛੱਡਕੇ ਬਾਕੀ ਉਦਯੋਗਾਂ ਦੀ ਸਥਾਪਨਾ ਕਰਨ ਲਈ ਸਰਕਾਰ ਤੋਂ ਲਾਇਸੈਂਸ ਲੈਣ ਦੀ ਲੋੜ ਨਹੀਂ ਹੈ।1997 ਵਿੱਚ ਇਹਨਾਂ ਉਦਯੋਗਾਂ ਦੀ ਗਿਣਤੀ ਘੱਟ ਕਰਕੇ 14 ਕੀਤੀ ਗਈ ਹੈ।

ਉੱਤਰ:-

## ਛੋਟੇ ਉੱਤਰਾਂ ਵੱਲੇ ਪ੍ਰਸ਼ਨ; 4 ਅੰਕਾਂ ਵਾਲੇ ਪ੍ਰਸ਼ਨ

**ਪ੍ਰ.1;- ਉਦਯੋਗਿਕ ਨੀਤੀ ਦਾ ਮਹੱਤਵ ਕੀ ਹੈ?**

**ਪ੍ਰ.2;- ਉਦਯੋਗਿਕ ਲਾਇਸੈਂਸਿੰਗ ਦੇ ਕੀ ਉਦੇਸ਼ ਹਨ।**

**ਪ੍ਰ.3;- 1948 ਦੀ ਉਦਯੋਗਿਕ ਨੀਤੀ ਦੀਆਂ ਚਾਰ ਮੁੱਖ ਵਿਸ਼ੇਸ਼ਤਾਵਾਂ ਦੱਸੋ।**

**ਪ੍ਰ.4;- 1956 ਦੀ ਉਦਯੋਗਿਕ ਨੀਤੀ ਦੀਆਂ ਚਾਰ ਮੁੱਖ ਵਿਸ਼ੇਸ਼ਤਾਵਾਂ ਦੱਸੋ।**

**ਪ੍ਰ 5;- ਭਾਰਤ 1956 ਦੀ ਉਦਯੋਗਿਕ ਨੀਤੀ ਦੇ ਮੁੱਖ ਉਦੇਸ਼ ਕੀ ਹਨ?**

**ਪ੍ਰ.6;- ਭਾਰਤ ਦੀ ਨਵੀਂ ਉਦਯੋਗਿਕ ਨੀਤੀ ਦੇ ਮੁੱਖ ਉਦੇਸ਼ ਕੀ ਹਨ?**

**ਪ੍ਰ.7;- 1991 ਦੀ ਉਦਯੋਗਿਕ ਨੀਤੀ ਦੀਆਂ ਚਾਰ ਮੁੱਖ ਵਿਸ਼ੇਸ਼ਤਾਵਾਂ ਦੱਸੋ।**

## ਵੱਡੇ ਉੱਤਰਾਂ ਵੱਲੇ ਪ੍ਰਸ਼ਨ; 6 ਅੰਕਾਂ ਵਾਲੇ ਪ੍ਰਸ਼ਨ

**ਪ੍ਰ.1;- 1991 ਦੀ ਨਵੀਂ ਉਦਯੋਗਿਕ ਨੀਤੀ ਦੀਆਂ ਮੁੱਖ ਵਿਸ਼ੇਸ਼ਤਾਵਾਂ ਦਾ ਵਰਣਨ ਕਰੋ।**

**ਪ੍ਰ.2;- ਉਦਯੋਗਿਕ ਲਾਇਸੈਂਸਿੰਗ ਨੀਤੀ ਤੋਂ ਤੁਸੀਂ ਕੀ ਸਮਝਦੇ ਹੋ? ਭਾਰਤ ਵਿੱਚ ਇਸ ਦੇ ਉਦੇਸ਼ਾਂ ਅਤੇ ਕਾਰਜਾਂ ਦਾ ਮੁਲਾਂਕਣ ਕਰੋ।**

ਅਮਨਦੀਪ ਕੌਰ ਲੈਕਚਰਾਰ
ਅਰਥਸ਼ਾਸਤਰ
ਸ.ਸ.ਮ.ਸ.ਸ.ਸਕੂਲ,
ਟਾਊਨ ਹਾਲ, ਅੰਮ੍ਰਿਤਸਰ

# ਚੈਪਟਰ- 9 (ਭਾਗ-ਬੀ) ਬੇਰੁਜ਼ਗਾਰੀ

<u>ਇਕ ਅੰਕ ਵਾਲੇ ਪ੍ਰਸ਼ਨ</u>

**ਪ੍ਰ 1) ਕਿਰਤੀ ਤੋ ਕੀ ਭਾਵ ਹੈ?**

ੳ 1) ਕਿਸੇ ਵੀ ਉਤਪਾਦਕ ਗਤੀਵਿਧੀ ਵਿੱਚ ਕਾਰਜਸ਼ੀਲ ਵਿਅਕਤੀ ਨੂੰ ਕਿਰਤੀ ਕਿਹਾ ਜਾਂਦਾ ਹੈ।

**ਪ੍ਰ 2) ਰੁਜ਼ਗਾਰ ਤੋ ਕੀ ਭਾਵ ਹੈ?**

ੳ 2) ਰੁਜ਼ਗਾਰ ਉਹ ਗਤੀਵਿਧੀ ਜਾਂ ਕ੍ਰਿਆ ਹੈ ਜਿਸ ਦੇ ਸਿੱਟੇ ਵਜੋਂ ਆਮਦਨ ਦੀ ਪ੍ਰਾਪਤੀ ਹੁੰਦੀ ਹੈ।

**ਪ੍ਰ 3)ਬੇਰੁਜ਼ਗਾਰੀ ਤੋਂ ਕੀ ਭਾਵ ਹੈ?**

ੳ 3) ਉਹ ਅਵਸਥਾ ਜਿਸ ਵਿੱਚ ਮਨੁੱਖ ਵਰਤਮਾਨ ਮਜ਼ਦੂਰੀ ਦੀ ਦਰ ਤੇ ਕੰਮ ਕਰਨ ਨੂੰ ਤਿਆਰ ਹਨ ਪਰ ਉਹਨਾਂ ਨੂੰ ਕੰਮ ਨਹੀਂ ਮਿਲਦਾ।

**ਪ੍ਰ 4) ................ ਬੇਰੁਜ਼ਗਾਰੀ ਦਾ ਇੱਕ ਸਮਾਜਿਕ ਕਾਰਨ ਹੈ।(ਪੂੰਜੀ ਨਿਰਮਾਣ ਵਿੱਚ ਕਮੀ /ਅਸਮਾਨਤਾ)**

ੳ 4) ਅਸਮਾਨਤਾ

**ਪ੍ਰ 5) ਸਹੀ ਜਾਂ ਗਲਤ ਦੱਸੋ।**

**ਕਿਰਤ ਪੂਰਤੀ ਨੂੰ ਮਾਨਵ ਦਿਵਸ ਦੇ ਰੂਪ ਵਿੱਚ ਮਾਪਿਆ ਜਾਂਦਾ ਹੈ।**

ੳ 5) ਸਹੀ

**ਪ੍ਰ 6) ਸਹਿਭਾਗਤਾ ਦਰ =** $\left(\frac{\text{ਕਾਰਜ ਬਲ}}{\text{ਕੁਲ ਜਨਸੰਖਿਆ}} \times 100\right)$ (ਸਹੀ /ਗਲਤ)

ੳ 6) ਸਹੀ

**ਪ੍ਰ 7) ਭਾਰਤ ਵਿੱਚ ਅਦ੍ਰਿਸ਼ ਬੇਰੁਜ਼ਗਾਰੀ ਮੁੱਖ ਤੋਰ ਤੇ ਕਿਸ ਖੇਤਰ ਵਿੱਚ ਪਾਈ ਜਾਂਦੀ ਹੈ?**

ੳ 7) ਖੇਤੀ ਖੇਤਰ

**ਪ੍ਰ 8) ਸਿਰਫ ................ ਕ੍ਰਿਆਵਾਂ ਵਿੱਚ ਲਗੇ ਲੋਕਾਂ ਨੂੰ ਕਿਰਤੀ ਕਿਹਾ ਜਾਂਦਾ ਹੈ।(ਉਤਪਾਦਨ / ਉਪਭੋਗ)**

---

## ਦੋ ਅੰਕਾਂ ਵਾਲੇ ਪ੍ਰਸ਼ਨ

**ਪ੍ਰ 1) ਬੇਰੁਜ਼ਗਾਰਹੋਣ ਦੀਆਂ ਕੀ ਸ਼ਰਤਾਂ ਹਨ?**

ਉ 1) ਹਰੇਕਕੰਮ ਨਾ ਕਰਨ ਵਾਲਾ ਵਿਅਕਤੀ ਬੇਰੁਜ਼ਗਾਰ ਨਹੀਂ ਹੁੰਦਾ। ਬੇਰੁਜ਼ਗਾਰ ਹੋਣ ਲਈ ਕੁੱਝ ਸ਼ਰਤਾਂ ਦਾਪੂਰਾ ਹੋਣਾ ਜ਼ਰੂਰੀ ਹੁੰਦਾ ਹੈ :-

1.ਵਿਅਕਤੀ ਕੰਮ ਕਰਨ ਲਈ ਤਿਆਰ ਹੋਵੇ

2. ਮੌਜੂਦਾ ਮਜ਼ਦੂਰੀ ਦਰ ਤੇ ਕੰਮ ਕਰਨ ਲਈ ਤਿਆਰਹੋਵੇ

3. ਕੰਮ ਕਰਨ ਦੇ ਕਾਬਿਲ ਹੋਵੇ

4. ਪਰ ਉਸ ਨੂੰ ਕੰਮ ਨਾ ਮਿਲੇ

ਤਾਂ ਉਹ ਵਿਅਕਤੀ ਬੇਰੁਜ਼ਗਾਰ ਹੋਵੇਗਾ।

**ਪ੍ਰ 2) ਰੁਜ਼ਗਾਰ ਦਾ ਅਰਥ ਲਿਖੋ।**

ਉ 2) 1.ਵਿਅਕਤੀ ਕੰਮ ਕਰਨ ਲਈ ਤਿਆਰ ਹੋਵੇ

2. ਮੌਜੂਦਾ ਮਜ਼ਦੂਰੀ ਦਰ ਤੇ ਕੰਮ ਕਰਨ ਲਈ ਤਿਆਰ ਹੋਵੇ

3.ਕੰਮ ਕਰਨ ਦੇ ਕਾਬਿਲ ਹੋਵੇ

4.ਹੁਣ ਜੇਕਰ ਕੰਮ ਮਿਲ ਜਾਵੇ

ਤਾਂ ਉਹਵਿਅਕਤੀ ਰੁਜ਼ਗਾਰ ਵਿੱਚ ਹੋਵੇਗਾ।

**ਪ੍ਰ 3) ਅਲਪ ਰੁਜ਼ਗਾਰ ਦਾ ਅਰਥ ਲਿਖੋ ।**

ਉ 3) 1. ਇਸ ਵਿੱਚ ਇਕ ਵਿਅਕਤੀ ਨਾਂ ਤਾਂ ਪੂਰੀ ਤਰ੍ਹਾਂ ਨਾਲ ਬੇਰੁਜ਼ਗਾਰ ਹੁੰਦਾ ਅਤੇ ਨਾਂ ਹੀ ਪੂਰੀ ਤਰ੍ਹਾਂ ਨਾਲ ਰੁਜ਼ਗਾਰ ਵਿੱਚ ਹੁੰਦਾ ਹੈ।

2. ਉਸਨੂੰ ਜਿਨਾਂ ਸਮਾਂ ਕੰਮ ਮਿਲਣਾ ਚਾਹੀਦਾ ਹੈ, ਉਸ ਤੋਂ ਘੱਟ ਸਮੇਂ ਲਈ ਮਿਲਦਾ ਹੈ ਜਾਂ ਆਪਣੀ ਯੋਗਤਾ ਤੋਂ ਘੱਟ ਕੰਮ ਮਿਲਦਾ ਹੈ।

**ਪ੍ਰ 4) ਦ੍ਰਿਸ਼ ਅਲਪ ਰੁਜ਼ਗਾਰ ਦਾ ਅਰਥ ਦੱਸੋ।**

ਉ 4) ਜੇਕਰ ਵਿਅਕਤੀਨੂੰ ਜਿਨਾਂ ਸਮਾਂ ਕੰਮ ਮਿਲਣਾ ਚਾਹੀਦਾ ਹੈ, ਉਸ ਤੋਂ ਘੱਟ ਸਮੇਂ ਲਈ ਮਿਲਦਾ ਹੈ ਤਾਂ ਉਹ ਅਲਪ ਰੁਜ਼ਗਾਰੀ ਹੈ। ਭਾਵ ਭਾਰਤ ਦੀ 6ਵੀਂ ਯੋਜਨਾ ਦੇ ਅਨੁਸਾਰ ਜੇਕਰ ਕਿਸੇ ਨੂੰ ਰੁਜ਼ਗਾਰ ਵਿੱਚ ਕਹਿਣਾ ਹੈ, ਤਾਂ ਸਾਲ ਵਿੱਚ 273 ਦਿਨ ਅਤੇ 1 ਦਿਨ ਵਿੱਚ 8 ਘੰਟੇ ਦਾ ਕੰਮ ਮਿਲਣਾ ਜ਼ਰੂਰੀ ਹੈ। ਅਲਪ ਰੁਜ਼ਗਾਰ ਵਿੱਚ ਇਸ ਤੋਂ ਘੱਟ ਕੰਮ ਮਿਲਦਾ ਹੈ।

**ਪ੍ਰ 5) ਅਦ੍ਰਿਸ਼ਅਲਪ ਰੁਜ਼ਗਾਰ ਦਾ ਅਰਥ ਦੱਸੋ।**

ਉ 5) ਇਸ ਵਿੱਚ ਇਕ ਵਿਅਕਤੀ ਨੂੰ ਵੇਖਣ ਤੇ ਤਾਂ ਜਿਨਾਂ ਸਮਾਂ ਕੰਮ ਮਿਲਣਾ ਚਾਹੀਦਾ ਹੈ, ਉਨਾਂ ਸਮਾਂ ਮਿਲਦਾ ਹੈ, ਭਾਵ ਉਹ ਵੇਖਣ ਤੇ ਬੇਰੁਜ਼ਗਾਰ ਨਹੀਂ ਹੁੰਦਾ, ਪਰ ਕੰਮ ਆਪਣੀ ਯੋਗਤਾ ਤੋਂ ਘੱਟ ਮਿਲਦਾ ਹੈ, ਜਿਵੇਂ ਕਿ ਜੇਕਰ ਇਕ ਐਮ ਏ ਪਾਸ ਵਿਅਕਤੀ ਕਿਸੇ ਦਫਤਰ ਵਿੱਚ ਚਪੜਾਸੀ ਲੱਗਿਆ ਹੋਵੇ, ਤਾਂ ਕੰਮ ਉਸਦੀ

ਯੋਗਤਾ ਦੇ ਮੁਕਾਬਲੇ ਘੱਟ ਹੈ, ਜਿਸ ਕਰਕੇ ਉਹ ਅਦ੍ਰਿਸ਼ ਭਾਵ ਨਾਂ ਦਿਖਾਈ ਦੇਣ ਵਾਲਾ ਅਲਪ ਬੇਰੁਜ਼ਹਾਰ ਹੋਵੇਗਾ।

**ਪ੍ਰ 6) ਬੇਰੁਜ਼ਗਾਰੀ ਦਾ ਮਾਪ ਕਿਵੇਂ ਕੀਤਾ ਜਾਂਦਾ ਹੈ?**

ਉ 6) ਬੇਰੁਜ਼ਗਾਰੀ = ਕਿਰਤ ਬਲ - ਕਾਰਜ ਬਲ

= 80 ਕਰੋੜ - 50 ਕਰੋੜ

= 30 ਕਰੋੜ

**ਪ੍ਰ 7) ਚੱਕਰੀ ਬੇਰੁਜ਼ਗਾਰੀ ਤੋਂ ਕੀ ਭਾਵ ਹੈ?**

ਉ 7) ਅਰਥਵਿਵਸਥਾ ਵਿੱਚ ਆਰਥਿਕ ਚੱਕਰੀ ਉਤਾਰ-ਚੜ੍ਹਾਵ ਹੋਣ ਕਰਕੇ ਭਾਵ ਮੰਦੀ ਆਦਿ ਆਉਣ ਕਰਕੇ ਜਦੋਂ ਮਜ਼ਦੂਰ ਬੇਰੁਜ਼ਗਾਰ ਹੋ ਜਾਂਦੇ ਹਨ, ਤਾਂ ਉਸ ਨੂੰ ਚੱਕਰੀ ਬੇਰੁਜ਼ਗਾਰੀ ਕਿਹਾ ਜਾਂਦਾ ਹੈ।

**ਪ੍ਰ 8) ਬੇਰੁਜ਼ਗਾਰੀ ਨੂੰ ਦੂਰ ਕਰਨ ਦੇ ਕੋਈ ਦੋ ਸੁਝਾਵ ਲਿਖੋ।**

ਉ 8) 1. ਭਾਰਤ ਦੀ ਸਿੱਖਿਆ ਪ੍ਰਣਾਲੀ ਨੂੰ ਕਿੱਤਾ ਕੇਂਦਰਿਤ ਬਣਾਇਆ ਜਾਣਾ ਚਾਹੀਦਾ ਹੈ, ਭਾਵ ਸਿੱਖਿਆ ਇਸ ਤਰ੍ਹਾਂ ਦੀ ਹੋਵੇ ਕਿ ਵਿਦਿਆਰਥੀ ਸਿੱਖਿਆ ਪ੍ਰਾਪਤ ਕਰਨ ਤੋਂ ਬਾਦ ਆਪਣਾ ਖੁਦ ਦਾ ਕੋਈ ਕੰਮ ਕਰ ਸਕਣ ਅਤੇ ਉਹਨਾਂ ਨੂੰ ਬੇਰੁਜ਼ਗਾਰ ਨਾ ਰਹਿਣਾ ਪਵੇ।

2. ਭਾਰਤ ਵਿੱਚ ਵਧੇਰੇ ਬੇਰੁਜ਼ਗਾਰੀ ਖੇਤੀ ਖੇਤਰ ਵਿੱਚ ਹੈ ਜਿੱਥੇ ਇਕ ਤਾਂ ਛੂਪੀ ਹੋਈ ਬੇਰੁਜ਼ਗਾਰੀ ਅਤੇ ਦੂਜਾ ਮੌਸਮੀ ਬੇਰੁਜ਼ਗਾਰੀ ਪਾਈ ਜਾਂਦੀ ਹੈ। ਉਦਯੋਗਾਂ ਦਾ ਵਿਕਾਸ ਕਰਕੇ ਛੂਪੀ ਹੋਈ ਬੇਰੁਜ਼ਗਾਰੀ ਨੂੰ ਅਤੇ ਬਹੁ-ਫਸਲੀ ਪ੍ਰਣਾਲੀ ਨੂੰ ਸ਼ੁਰੂ ਕਰਕੇ ਮੌਸਮੀ ਬੇਰੁਜ਼ਗਾਰੀ ਨੂੰ ਹਲ ਕੀਤਾ ਜਾ ਸਕਦਾ ਹੈ।

**ਪ੍ਰ 9) ਭਾਰਤ ਵਿੱਚ ਰੁਜ਼ਗਾਰ ਦੀ ਸਮੱਸਿਆ ਦੇ ਮੁਖ ਪਹਿਲੂ ਕਿਹੜੇ ਹਨ?**

ਉ 9) ਭਾਰਤ ਵਿੱਚ ਰੁਜ਼ਗਾਰ ਦੀ ਸਮੱਸਿਆ ਦੇ ਮੁਖ ਤਿੰਨ ਪਹਿਲੂ ਹਨ:

1. ਦੇਸ਼ ਦੀ ਕੁੱਲ ਜਨਸੰਖਿਆ ਵਿੱਚ ਮਜ਼ਦੂਰਾਂ ਦਾ ਅਨੁਪਾਤ ਘੱਟ ਹੈ।
2. ਮਜ਼ਦੂਰ ਸ਼ਕਤੀ ਦਾ ਇਕ ਪ੍ਰਮੱਖ ਹਿੱਸਾ ਬੇਰੁਜ਼ਗਾਰ ਜਾਂ ਅਲਪ-ਰੁਜ਼ਗਾਰ ਹੈ।
3. ਮਜ਼ਦੂਰਾਂ ਦੀ ਔਸਤ ਉਤਪਾਦਕਤਾ ਅਤੇ ਆਮਦਨ ਬਹੁਤ ਘੱਟ ਹੈ।

---

**ਚਾਰ ਅੰਕਾਂ ਵਾਲੇ ਪ੍ਰਸ਼ਨ**

**ਪ੍ਰ 1) ਕੋਈ ਚਾਰ ਤਰ੍ਹਾਂ ਦੀ ਬੇਰੁਜ਼ਗਾਰੀ ਬਾਰੇ ਲਿਖੋ ।**

**ਪ੍ਰ 2) ਮਨਰੇਗਾ ਤੇ ਨੋਟ ਲਿਖੋ।**

**ਪ੍ਰ 3) ਬੇਰੁਜ਼ਗਾਰੀ ਨੂੰ ਦੂਰ ਕਰਨ ਦੇ ਸੁਝਾਅ ਲਿਖੋ ।**

**ਛੇ ਅੰਕਾਂ ਵਾਲੇ ਪ੍ਰਸ਼ਨ**

**ਪ੍ਰ 1) ਬੇਰੁਜਗਾਰੀ ਨਾਲ ਸਬੰਧਤ ਧਾਰਨਾਵਾਂ ਦਾ ਉਲੇਖ ਕਰੋ ।**

**ਪ੍ਰ 2) ਬੇਰੁਜ਼ਗਾਰੀ ਦੀਆਂ ਵੱਖ ਵੱਖ ਧਾਰਨਾਵਾਂ ਦਾ ਵੇਰਵਾ ਦਵੋ ।**

**ਪ੍ਰ 2) ਭਾਰਤ ਵਿੱਚ ਜਿਆਦਾ ਬੇਰੁਜ਼ਗਾਰੀ ਹੋਣ ਦੇ ਕੋਈ 6 ਕਾਰਣ ਲਿਖੋ।**

ਪ੍ਰ 3) ਬੇਰੁਜ਼ਗਾਰੀ ਨੂੰ ਘੱਟ ਕਰਨ ਲਈ ਸਰਕਾਰੀ ਯੋਜਨਾਵਾਂ ਦਾ ਵਰਣਨ ਕਰੋ।

# ਪਾਠ-11 ਧਾਰਣੀ ਆਰਥਿਕ ਵਿਕਾਸ

-ਡਾ: ਰਣਜੋਧ ਸਿੰਘ ਲੈਕਚਰਾਰ
ਅਰਥਸ਼ਾਸਤਰ ਸ.ਸ.ਸ.ਸ.
ਤੁੰਗਵਾਲੀ, ਬਠਿੰਡਾ

*ਇੱਕ ਅੰਕ ਵਾਲੇ ਪ੍ਰਸ਼ਨ*

**ਬਹੁਵਿਕਲਪੀ ਪ੍ਰਸ਼ਨ-**

**ਪ੍ਰ.1 : ਵਾਤਾਵਰਣ ______________ ਦੀ ਗੁਣਵੱਤਾ ਨੂੰ ਵਧਾਉਂਦਾ ਹੈ। (ਜੀਵਨ/ਧੂੰਆਂ)**

ਉੱਤਰ:- ਜੀਵਨ

**ਪ੍ਰ.2 : ਧਾਰਣੀ ਵਿਕਾਸ ਦੀ ਧਾਰਨਾਂ ਦਾ ਵਿਕਾਸ ਸਭ ਤੋਂ ਪਹਿਲਾਂ ਸਭ ਤੋਂ ਪਹਿਲਾਂ ____________ ਰਿਪੋਰਟ ਵਿੱਚ ਕੀਤਾ ਗਿਆ ਸੀ। (ਮਾਨਵ ਵਿਕਾਸ/ਬਰੁੰਡਲੈਂਡ)**

ਉੱਤਰ:- ਬਰੁੰਡਲੈਂਡ

**ਪ੍ਰ.3: ਉਦਯੋਗਿਕ ਮਸ਼ੀਨਾਂ _________ ਪ੍ਰਦੂਸ਼ਣ ਦੀ ਵਜ੍ਹਾ ਹੈ? (ਅਵਾਜ਼/ਮਿੱਟੀ)**

ਉੱਤਰ:- ਅਵਾਜ਼

**ਪ੍ਰ.4: ਉਤਪਾਦਨ ਵਿੱਚ ਵਾਧਾ ਹੋਣ ਦੇ ਨਾਲ-ਨਾਲ ਆਰਥਿਕ ਕਲਿਆਣ ਵਿੱਚ ਹੋਣ ਵਾਲੇ ਵਾਧੇ ਨੂੰ __________ ਕਹਿੰਦੇ ਹਨ। (ਆਰਥਿਕ ਵਿਕਾਸ/ਧਾਰਣੀ ਵਿਕਾਸ)**

ਉੱਤਰ:- ਧਾਰਣੀ ਵਿਕਾਸ

**ਪ੍ਰ.5: ਵਾਤਾਵਰਣ ਵਿੱਚ ਕਿਹੜੇ ਤੱਤਾਂ ਨੂੰ ਸ਼ਾਮਿਲ ਕੀਤਾ ਜਾਂਦਾ ਹੈ?**

(a) ਜੈਵਿਕ (b) ਅਜੈਵਿਕ (c) ਦੋਨੋ a ਅਤੇ b (d) ਇਹਨਾਂ ਵਿੱਚੋਂ ਕੋਈ ਨਹੀਂ

ਉੱਤਰ:- (c) ਦੋਨੋ a ਅਤੇ b

**ਪ੍ਰ.6: ਨਿਮਨਲਿਖਤ ਵਿੱਚੋਂ ਕਿਹੜਾ ਕਾਰਨ ਓਜੋਨ ਦੀ ਪਰਤ ਨੂੰ ਪ੍ਰਭਾਵਿਤ ਕਰਦਾ ਹੈ?**

(a) ਭੂ-ਖੋਰ (b) ਵਧਦਾ ਮਸ਼ੀਨੀਕਰਨ (c) ਪਰਾਲੀ ਨੂੰ ਅੱਗ ਲਾ ਕੇ ਸਾੜਣਾ (d) ਇਹ ਸਾਰੇ

ਉੱਤਰ:- (d) ਇਹ ਸਾਰੇ

**ਪ੍ਰ.7: ਪ੍ਰਦੂਸ਼ਣ ਨਿਯੰਤਰਣ ਬੋਰਡ ਦੀ ਸਥਾਪਨਾ ਕਿਸ ਸਾਲ ਵਿੱਚ ਹੋਈ?**

(a) 1954 (b) 1964 (c) 1974 (d) 1984

ਉੱਤਰ:- (c) 1974

**ਇੱਕ ਸ਼ਬਦ ਜਾਂ ਇੱਕ ਵਾਕ ਵਿੱਚ ਉੱਤਰ ਵਾਲੇ ਪ੍ਰਸ਼ਨ-**

**ਪ੍ਰ.8: ਧਾਰਣੀ ਵਿਕਾਸ ਦੀਆਂ ਕੋਈ ਦੋ ਮੁੱਖ ਵਿਸ਼ੇਸਤਾਵਾਂ ਦੇ ਨਾਂ ਲਿਖੋ?**

ਉੱਤਰ:- ਕੁਦਰਤੀ ਸਾਧਨਾਂ ਦੀ ਕੁਸ਼ਲ ਵਰਤੋਂ ਅਤੇ ਸਾਫ ਸੁਥਰਾ ਵਾਤਾਵਰਣ

**ਪ੍ਰ.9: ਜੀਵਨ ਦੀ ਗੁਣਵੱਤਾ ਤੋਂ ਕੀ ਭਾਵ ਹੈ?**

ਉੱਤਰ:- ਜੀਵਨ ਦੀ ਗੁਣਵੱਤਾ ਤੋਂ ਭਾਵ ਹੈ ਲੋਕਾਂ ਨੂੰ ਨਿਰੋਗ ਅਤੇ ਸਿੱਖਿਅਕ ਜੀਵਨ ਦਾ ਮਿਲਣਾ।

**ਸਹੀ ਗਲਤ ਦੱਸੋ-**

**ਪ੍ਰ. 10: ਭੂਮੀ ਦੇ ਪਤਨ ਤੋਂ ਕੀ ਭਾਵ ਹੈ?**

ਉੱਤਰ:- ਭੂਮੀ ਦੇ ਪਤਨ ਤੋਂ ਭਾਵ ਭੂਮੀ ਦੇ ਉਪਜਾਊਪਨ ਦਾ ਲਗਾਤਾਰ ਘਟਣਾ ਹੈ।

***ਦੋ ਅੰਕਾਂ ਵਾਲੇ ਪ੍ਰਸ਼ਨ-***

**ਪ੍ਰ. 11: ਆਰਥਿਕ ਵਾਧੇ ਤੋਂ ਕੀ ਭਾਵ ਹੈ?**

ਉੱਤਰ:- ਆਰਥਿਕ ਵਾਧੇ ਤੋਂ ਭਾਵ ਦੀਰਘਕਾਲ ਵਿੱਚ ਦੇਸ਼ ਦੀ ਵਾਸਤਵਿਕ ਰਾਸ਼ਟਰੀ ਆਮਦਨ ਜਾਂ ਵਾਸਤਵਿਕ ਪ੍ਰਤੀ ਵਿਅਕਤੀ ਆਮਦਨ ਵਿੱਚ ਹੋਣ ਵਾਲੇ ਲਗਾਤਾਰ ਵਾਧੇ ਤੋਂ ਹੈ।

**ਪ੍ਰ.12: ਆਰਥਿਕ ਵਿਕਾਸ ਤੋਂ ਕੀ ਭਾਵ ਹੈ?**

ਉੱਤਰ:-ਆਰਥਿਕ ਵਿਕਾਸ ਤੋਂ ਭਾਵ ਦੀਰਘਕਾਲ ਵਿੱਚ ਲੋਕਾਂ ਦੇ ਜੀਵਨ ਪੱਧਰ ਦੀ ਗੁਣਵੱਤਾ ਵਿੱਚ ਹੋਣ ਵਾਲੇ ਪਰਵਿਰਤਨ ਦੀ ਪ੍ਰਕਿਰਿਆ ਤੋਂ ਹੈ।

**ਪ੍ਰ.13: ਚਿਰ ਸਥਾਈ (ਧਾਰਣੀ) ਵਿਕਾਸ ਕੀ ਹੁੰਦਾ ਹੈ?**

ਉੱਤਰ:-ਚਿਰ ਸਥਾਈ (ਧਾਰਣੀ) ਵਿਕਾਸ ਤੋਂ ਭਾਵ ਅਜਿਹੇ ਵਿਕਾਸ ਤੋਂ ਹੈ ਜਿਸ ਵਿੱਚ ਲੋਕਾਂ ਦੀਆਂ ਵਰਤਮਾਨ ਸਮੇਂ ਦੀਆਂ ਲੋੜਾਂ ਇਸ ਪ੍ਰਕਾਰ ਪੂਰੀਆਂ ਕੀਤੀਆਂ ਜਾਂਦੀਆਂ ਹਨ ਤਾਂ ਕਿ ਭਵਿੱਖ ਦੀਆਂ ਪੀੜੀਆਂ ਦੁਆਰਾ ਆਰਥਿਕ ਵਿਕਾਸ ਪ੍ਰਾਪਤ ਕਰਨ ਦੀ ਯੋਗਤਾ ਉੱਪਰ ਕੋਈ ਨਾਕਾਰਾਤਮਕ ਪ੍ਰਭਾਵ ਨਹੀਂ ਪੈਂਦਾ।

**ਪ੍ਰ.14: ਹਰਿਤ ਰਾਸ਼ਟਰੀ ਆਮਦਨ ਦਾ ਮਾਪ ਕਿਵੇਂ ਕੀਤਾ ਜਾਂਦਾ ਹੈ?**

ਉੱਤਰ:-ਹਰਿਤ ਰਾਸ਼ਟਰੀ ਆਮਦਨ ਦਾ ਮਾਪ ਹੇਠ ਲਿਖੇ ਫਾਰਮੂਲੇ ਦੀ ਸਹਾਇਤਾ ਨਾਲ ਕੀਤਾ ਜਾਂਦਾ ਹੈ-

ਹਰਿਤ ਰਾਸ਼ਟਰੀ ਆਮਦਨ= ਰਾਸ਼ਟਰੀ ਆਮਦਨ-ਕੁਦਰਤੀ ਪੂੰਜੀ ਦੀ ਘਿਸਾਵਟ

**ਪ੍ਰ.15: ਵੈਸ਼ਵਿਕ ਤਾਪਮਾਨ ਵਾਧੇ ਤੋਂ ਕੀ ਭਾਵ ਹੈ?**

ਉੱਤਰ:- ਵੈਸ਼ਵਿਕ ਤਾਪਮਾਨ ਵਾਧੇ ਤੋਂ ਭਾਵ ਤਾਪਮਾਨ ਵਿੱਚ ਹੌਲੀ ਹੌਲੀ ਅਤੇ ਲਗਾਤਾਰ ਹੋਣ ਵਾਲੇ ਵਾਧੇ ਤੋਂ ਹੈ।ਇਹ ਵਾਤਾਵਰਣ ਵਿੱਚ ਫੈਲ ਰਹੇ ਹਰ ਤਰਾਂ ਤੇ ਪ੍ਰਦੂਸ਼ਣ ਅਤੇ ਜੰਗਲਾਂ ਦੀ ਕਟਾਈ ਦੇ ਕਾਰਨ ਹਰ ਸਾਲ ਵਧਦਾ ਜਾ ਰਿਹਾ ਹੈ।

**ਪ੍ਰ.16: ਵਾਤਾਵਰਣ ਦੀ ਪਰਿਭਾਸ਼ਾ ਲਿਖੋ।**

ਉੱਤਰ:- ਵਾਤਾਵਰਣ ਤੋਂ ਭਾਵ ਉਹਨਾਂ ਪ੍ਰਸਥਿਤੀਆਂ ਅਤੇ ਉਹਨਾਂ ਦੇ ਪ੍ਰਭਾਵਾਂ ਤੋਂ ਹੈ ਜੋ ਕਿਸੇ ਵੀ ਸਥਾਨ ਤੇ ਕਿਸੇ ਵੀ ਮਨੁੱਖ ਦੇ ਜੀਵਨ ਨੂੰ ਪ੍ਰਭਾਵਿਤ ਕਰਦੇ ਹਨ।

**ਪ੍ਰ.17: ਵਾਤਾਵਰਣ ਸਰੰਖਣ ਲਈ ਕੋਈ ਦੋ ਉਪਾਅ ਲਿਖੋ।**

ਉੱਤਰ:- ਪ੍ਰਦੂਸ਼ਨ ਤੋਂ ਪੈਦਾ ਹੋ ਰਹੇ ਖਤਰਿਆਂ ਸੰਬੰਧੀ ਲੋਕਾਂ ਨੂੰ ਜਾਗਰਿਤ ਕਰਨਾ ਚਾਹੀਦਾ ਹੈ।ਵਾਤਾਵਰਣ ਸਰੰਖਣ

ਬਾਰੇ ਸਰਕਾਰ ਦੁਆਰਾ ਬਣਾਏ ਗਏ ਕਾਨੂੰਨਾਂ ਦੀ ਸਖਤੀ ਨਾਲ ਪਾਲਣਾਂ ਕਰਾਉਣੀ ਚਾਹੀਦੀ ਹੈ।

***ਚਾਰ ਅੰਕਾਂ ਵਾਲੇ ਪ੍ਰਸ਼ਨ–***

**ਪ੍ਰ.18: ਧਾਰਣੀ ਵਿਕਾਸ ਦੀ ਲੋੜ ਤੇ ਕੋਈ ਤਰਕ ਭਰਪੂਰ ਉੱਤਰ ਲਿਖੋ।**

**ਪ੍ਰ.19: ਸੰਸਾਧਨਾਂ ਦੇ ਅਤਿਅਧਿਕ ਉਪਯੋਗ ਨੂੰ ਰੋਕਣ ਦੇ ਉਪਾਅ ਲਿਖੋ।**

***ਛੇ ਅੰਕਾਂ ਵਾਲੇ ਪ੍ਰਸ਼ਨ***

**ਪ੍ਰ.20: ਧਾਰਣੀ ਵਿਕਾਸ ਦੀਆਂ ਵਿਸ਼ੇਸ਼ਤਾਵਾਂ ਲਿਖੋ।**

**ਪ੍ਰ.21:ਆਰਥਿਕ ਉਨੱਤੀ, ਆਰਥਿਕ ਵਿਕਾਸ ਅਤੇ ਧਾਰਣੀ ਵਿਕਾਸ ਵਿੱਚ ਅੰਤਰ ਲਿਖੋ।**